


ਸੱਚੀ ਅਤੇ ਨਿਰਪੱਖ ਵਿਚਾਰਧਾਰਾ

# CEE7NEWS

Daily Digital Edition




Reg No: AAG1353 | Ludhiana, Sunday 19 April, 2026 | website: www.cee7news.com

## ਉਤਰਾਖੰਡ ਦੇ ਰਾਜਪਾਲ ਸ. ਗੁਰਮੀਤ ਸਿੰਘ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਹੋਏ ਨਤਮਸਤਕ



ਅੰਮ੍ਰਿਤਸਰ, 18 ਅਪ੍ਰੈਲ- ਉਤਰਾਖੰਡ ਦੇ ਰਾਜਪਾਲ ਲੈਫਟੀਨੈਂਟ ਜਨਰਲ (ਸੇਵਾ ਮੁਕਤ) ਸ. ਗੁਰਮੀਤ ਸਿੰਘ ਨੇ ਅੱਜ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋ ਕੇ ਗੁਰੂ ਸਾਹਿਬ ਪ੍ਰਤੀ ਸ਼ਰਧਾ ਦਾ ਪ੍ਰਗਟਾਵਾ ਕੀਤਾ। ਇਸ ਮੌਕੇ ਸ੍ਰੀ ਦਰਬਾਰ ਸਾਹਿਬ ਦੇ ਸੂਚਨਾ ਕੇਂਦਰ ਵਿਖੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸ. ਗੁਰਮੀਤ ਸਿੰਘ ਨੂੰ ਜੀ-ਆਇਆਂ ਆਖਿਆ ਅਤੇ ਸਿਰੋਪਾਓ, ਸ੍ਰੀ ਦਰਬਾਰ ਸਾਹਿਬ ਦਾ ਸੁਨਹਿਰੀ ਮਾਡਲ ਅਤੇ ਧਾਰਮਿਕ ਪੁਸਤਕਾਂ ਦੇ ਕੇ ਸਨਮਾਨਿਤ ਕੀਤਾ।ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕਟ ਧਾਮੀ ਨੇ ਕਿਹਾ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸਮੁੱਚੀ ਮਾਨਵਤਾ ਲਈ ਆਸਥਾ ਦਾ ਕੇਂਦਰ ਹੈ, ਜਿਥੇ ਰੋਜ਼ਾਨਾ ਵੱਡੀ ਗਿਣਤੀ ਦੇਸ਼ ਵਿਦੇਸ਼ ਦੀਆਂ ਸੰਗਤਾਂ ਨਤਮਸਤਕ ਹੁੰਦੀਆਂ ਹਨ। ਉਨ੍ਹਾਂ ਕਿਹਾ ਕਿ ਹਰ ਸਿੱਖ ਆਪਣੀ ਉਪਲਬਧੀ ’ਤੇ ਗੁਰੂ ਸਾਹਿਬ ਦਾ ਸ਼ੁਕਰਾਨਾ ਕਰਨ ਲਈ ਇਸ ਪਾਵਨ ਅਸਥਾਨ ’ਤੇ ਨਤਮਸਤਕ ਹੁੰਦਾ ਹੈ। ਅੱਜ ਉਤਰਾਖੰਡ ਦੇ ਰਾਜਪਾਲ ਸ. ਗੁਰਮੀਤ ਸਿੰਘ ਜੋ ਅੰਮ੍ਰਿਤਸਰ ਜ਼ਿਲ੍ਹੇ ਦੇ ਹੀ ਜੰਮਪਲ ਹਨ, ਜੋ ਅੱਜ ਸ੍ਰੀ ਦਰਬਾਰ ਸਾਹਿਬ ਵਿਖੇ ਨਤਮਸਤਕ ਹੋਣ ਪੁੱਜੇ ਹਨ। ਐਡਵੋਕੇਟ ਧਾਮੀ ਨੇ ਕਿਹਾ ਕਿ ਉਤਰਾਖੰਡ ਅੰਦਰ ਸਿੱਖਾਂ ਨਾਲ ਸਬੰਧਤ ਪਾਵਨ ਅਸਥਾਨਾਂ ਸਬੰਧੀ ਵੀ ਰਾਜਪਾਲ ਸ. ਗੁਰਮੀਤ ਸਿੰਘ ਨਾਲ ਵਿਚਾਰਾਂ ਹੋਈਆਂ, ਜਿਸ ਪ੍ਰਤੀ ਉਨ੍ਹਾਂ ਵੱਲੋਂ ਹਾਂ-ਪੱਖੀ ਹੁੰਗਾਰਾ ਭਰਿਆ ਗਿਆ। ਇਸੇ ਦੌਰਾਨ ਰਾਜਪਾਲ ਸ. ਗੁਰਮੀਤ ਸਿੰਘ ਨੇ ਕਿਹਾ ਕਿ ਗੁਰੂ ਦੇ ਅਸ਼ੀਰਵਾਦ ਸਦਕਾ ਹੀ ਇਸ ਪਾਵਨ ਅਸਥਾਨ ਦੇ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ। ਉਨ੍ਹਾਂ ਕਿਹਾ ਕਿ ਇਹ ਉਹ ਦਰ ਹੈ, ਜਿਥੋਂ ਸਮੁੱਚੀ ਮਨੁੱਖਤਾ ਨੂੰ ਏਕਤਾ ਦਾ ਸੰਦੇਸ਼ ਮਿਲਦਾ ਹੈ। ਇਸ ਪਾਵਨ ਅਸਥਾਨ ਦੇ ਦਰਸ਼ਨ ਕਰਕੇ ਉਹ ਨਵੀਂ ਊਰਜਾ ਮਹਿਸੂਸ ਕਰਦੇ ਹਨ। ਉਨ੍ਹਾਂ ਗੁਰੂ ਪਾਤਸ਼ਾਹ ਜੀ ਦੇ ਚਰਨਾਂ ਵਿਚ ਉਤਰਾਖੰਡ ਅਤੇ ਦੇਸ਼ ਭਰ ਦੇ ਲੋਕਾਂ ਲਈ ਅਰਦਾਸ ਕੀਤੀ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ, ਓਐਸਡੀ. ਸਤਬੀਰ ਸਿੰਘ, ਸਕੱਤਰ ਬਲਵਿੰਦਰ ਸਿੰਘ ਕਾਹਲਵਾਂ, ਮੀਤ ਸਕੱਤਰ ਹਰਭਜਨ ਸਿੰਘ ਵਕਤਾ, ਮੈਨੇਜਰ ਨਰਿੰਦਰ ਸਿੰਘ ਮਥਰੇਵਾਲ, ਸੂਚਨਾ ਅਧਿਕਾਰੀ ਅੰਮ੍ਰਿਤਪਾਲ ਸਿੰਘ, ਰਾਜਪਾਲ ਗੁਰਮੀਤ ਸਿੰਘ ਨਾਲ ਪੁੱਜੇ ਏਡੀਸੀ ਅਮਿਤ ਸ੍ਰੀਵਾਸਤਵ, ਏਆਈਜੀ ਜਗਜੀਤ ਸਿੰਘ ਵਾਲੀਆ, ਏਡੀਸੀਪੀ ਹਰਪਾਲ ਸਿੰਘ ਸਮੇਤ ਹੋਰ ਮੌਜੂਦ ਸਨ।

Cee7News **CM ਭਗਵੰਤ ਮਾਨ ਦਾ ਵੱਡਾ ਧਮਾਕਾ ਪੰਜਾਬ ਕੈਬਨਿਟ ਨੇ ਲਿਆ ਨਵਾਂ ਲੋਕ ਪੱਖੀ ਫੈਸਲਾ**

## ਜ਼ਮੀਨ ਮਾਲਕਾਂ ਨੂੰ ਦਰਿਆਵਾਂ, ਚੋਆਂ ਅਤੇ ਸੇਮ ਨਾਲਿਆਂ ਵਿਚੋਂ ਸਿਲਟ ਹਟਾਉਣ ਦੀ ਇਜਾਜ਼ਤ ਦਿੱਤੀ ਗਈ

**ਪੰਜਾਬ** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਕੈਬਨਿਟ ਨੇ ਵੱਡਾ ਲੋਕ ਪੱਖੀ ਫੈਸਲਾ ਲਿਆ ਹੈ। ਇਸ ਫੈਸਲੇ ਤਹਿਤ ਜ਼ਮੀਨ ਮਾਲਕਾਂ ਨੂੰ ਦਰਿਆਵਾਂ, ਚੋਆਂ ਅਤੇ ਸੇਮ ਨਾਲਿਆਂ ਵਿਚੋਂ ਸਿਲਟ ਹਟਾਉਣ ਦੀ ਇਜਾਜ਼ਤ ਦਿੱਤੀ ਗਈ ਹੈ। ਇਹ ਸਭ ਉਨ੍ਹਾਂ ਦੇ ਖੁਦ ਦੇ ਖਰਚੇ ਤੇ ਹੋਵੇਗਾ ਅਤੇ ਖੁਦਾਈ ਵਾਲੀ ਮਿੱਟੀ ਉਨ੍ਹਾਂ ਨੂੰ ਮੁਫ਼ਤ ਮਿਲੇਗੀ। ਇਸ ਨਾਲ ਮੀਂਹ ਤੋਂ ਪਹਿਲਾਂ ਬਾੜ੍ਹ ਵਿਰੋਧੀ ਤਿਆਰੀਆਂ ਤੇਜ਼ ਹੋਣਗੀਆਂ ਅਤੇ ਨਦੀਆਂ ਵਿਚ ਪਾਣੀ ਦਾ ਵਹਾਅ ਬਿਹਤਰ ਹੋਵੇਗਾ।

ਇਹ ਫੈਸਲਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਪ੍ਰਧਾਨਗੀ ਹੇਠ ਹੋਈ ਮੰਤਰੀ ਮੰਡਲ ਦੀ ਬੈਠਕ ਵਿਚ ਲਿਆ ਗਿਆ। ਸਰਕਾਰੀ ਬਿਆਨ ਅਨੁਸਾਰ ਇਸ ਫੈਸਲੇ ਨਾਲ ਸਤਲੁਜ, ਬਿਆਸ ਅਤੇ ਸਿਸਵਾਂ ਸਮੇਤ ਵੱਖ-ਵੱਖ ਦਰਿਆਵਾਂ, ਚੋਆਂ ਅਤੇ ਨਾਲਿਆਂ ਵਿਚੋਂ ਸਿਲਟ ਤੇਜ਼ੀ ਨਾਲ ਹਟਾਈ ਜਾ ਸਕੇਗੀ। ਇਸ ਨਾਲ ਨਦੀਆਂ ਦੀ ਗਤੀ ਵਧੇਗੀ ਅਤੇ ਬਾੜ੍ਹ ਦਾ ਖਤਰਾ ਘੱਟ ਹੋਵੇਗਾ। ਲੋਕਾਂ ਅਤੇ ਉਨ੍ਹਾਂ ਦੀ ਜਾਇਦਾਦ ਦੀ ਰੱਖਿਆ ਲਈ ਇਹ ਬਹੁਤ ਮਹੱਤਵਪੂਰਨ ਕਦਮ ਹੈ।

ਕੈਬਨਿਟ ਨੇ ਇਸ ਤੋਂ ਇਲਾਵਾ ਪੰਜਾਬ ਰਿਜ਼ਰਵੇਸ਼ਨ ਰੂਲਜ਼-6 ਵਿਚ ਵੀ ਸੋਧਾਂ ਨੂੰ ਮਨਜ਼ੂਰੀ ਦਿੱਤੀ ਹੈ। ਇਹ ਸੋਧਾਂ ਗ੍ਰਾਮ ਪੰਚਾਇਤਾਂ ਦੇ ਸਰਪੰਚਾਂ, ਜ਼ਿਲ੍ਹਾ ਪਰਿਸ਼ਦਾਂ ਅਤੇ ਪੰਚਾਇਤ ਸਮਿਤੀਆਂ ਦੇ ਚੇਅਰਮੈਨ ਤੇ ਵਾਈਸ ਚੇਅਰਮੈਨ ਦੀਆਂ ਪੋਸਟਾਂ ਲਈ ਹਨ। ਇਸ ਨਾਲ ਵੱਖ-ਵੱਖ ਵਰਗਾਂ ਵਿਚ



### ਇਸ ਨਾਲ ਵੱਖ-ਵੱਖ ਵਰਗਾਂ ਵਿਚ ਨੁਮਾਇੰਦਗੀ ਨੂੰ ਤਰਕਸੰਗਤ ਬਣਾਇਆ ਜਾਵੇਗਾ।

ਨੁਮਾਇੰਦਗੀ ਨੂੰ ਤਰਕਸੰਗਤ ਬਣਾਇਆ ਜਾਵੇਗਾ। ਖਾਸ ਤੌਰ ਤੇ ਅਨੁਸੂਚਿਤ ਜਾਤੀਆਂ, ਅਨੁਸੂਚਿਤ ਜਾਤੀ ਔਰਤਾਂ, ਔਰਤਾਂ ਅਤੇ ਆਮ ਵਰਗ ਲਈ ਰਿਜ਼ਰਵੇਸ਼ਨ ਵਿਚ ਤਰਕਸੰਗਤ ਵਿਵਸਥਾ ਬਣਾਈ ਜਾਵੇਗੀ।

ਜੇਕਰ ਰਾਜ ਵਿਚ ਜ਼ਿਲ੍ਹਾ ਪਰਿਸ਼ਦਾਂ ਦੀ ਕੁੱਲ ਗਿਣਤੀ ਵਿਚੋਂ 10 ਫੀਸਦੀ ਜਾਂ ਇਸ ਤੋਂ ਵੱਧ ਪ੍ਰਭਾਵਿਤ ਹੋਣ ਤਾਂ ਅਨੁਸੂਚਿਤ ਜਾਤੀਆਂ, ਅਨੁਸੂਚਿਤ ਜਾਤੀ ਔਰਤਾਂ, ਔਰਤਾਂ ਅਤੇ ਆਮ ਵਰਗ ਲਈ ਨਵੀਂ ਰੋਸਟਰ ਤਿਆਰ ਕੀਤੀ ਜਾਵੇਗੀ। ਇਸ ਨਾਲ ਰੋਟੇਸ਼ਨ ਵਿਚ ਵੀ ਤਰਕਸੰਗਤਤਾ ਆਵੇਗੀ। ਇਹ ਫੈਸਲਾ ਪੰਚਾਇਤੀ ਰਾਜ ਵਿਵਸਥਾ ਵਿਚ ਨਿਆਂਪੂਰਵਕ ਨੁਮਾਇੰਦਗੀ ਯਕੀਨੀ ਬਣਾਉਣ ਲਈ ਲਿਆ ਗਿਆ ਹੈ।ਸਰਕਾਰ ਵੱਲੋਂ ਇਹ ਵੀ ਦੱਸਿਆ ਗਿਆ ਹੈ ਕਿ ਬਾੜ੍ਹ ਵਿਰੋਧੀ ਤਿਆਰੀਆਂ ਲਈ ਇਹ ਫੈਸਲਾ ਬਹੁਤ ਲਾਭਦਾਇਕ ਸਾਬਤ ਹੋਵੇਗਾ। ਖਾਸ ਕਰਕੇ 2026-27 ਦੇ ਮੀਂਹੀ ਮੌਸਮ ਤੋਂ ਪਹਿਲਾਂ ਇਸ ਨੂੰ ਲਾਗੂ ਕੀਤਾ ਜਾਵੇਗਾ। ਉਨ੍ਹਾਂ ਨੇ ਇਹ ਵੀ ਕਿਹਾ ਕਿ ਸਿਲਟ ਹਟਾਉਣ ਨਾਲ ਪਾਣੀ ਦੀ ਗਤੀ ਵਧੇਗੀ ਅਤੇ ਬਾੜ੍ਹ ਤੋਂ ਹੋਣ ਵਾਲੀਆਂ ਤਬਾਹੀਆਂ ਘੱਟ ਹੋਣਗੀਆਂ। ਇਸ ਲਈ ਨੌਂ ਖਾਸ ਥਾਵਾਂ ਚਿਹਨਿਤ ਕੀਤੀਆਂ ਗਈਆਂ ਹਨ ਜਿੱਥੇ ਸਿਲਟ ਹਟਾਉਣ ਦੀ ਲੋੜ ਹੈ।ਇਸ ਫੈਸਲੇ ਨਾਲ ਜ਼ਮੀਨ ਮਾਲਕਾਂ ਨੂੰ ਵੀ ਫਾਇਦਾ ਹੋਵੇਗਾ ਕਿਉਂਕਿ ਉਨ੍ਹਾਂ ਨੂੰ ਮੁਫ਼ਤ ਵਿਚ ਖੁਦਾਈ ਵਾਲੀ ਮਿੱਟੀ ਮਿਲੇਗੀ ਜੋ ਉਹ ਆਪਣੀ ਜ਼ਮੀਨ ਲਈ ਵਰਤ ਸਕਦੇ ਹਨ। ਕੰਮ ਤੇਜ਼ ਹੋਵੇਗਾ ਤਾਂ ਦੂਜੀ ਤਰਫ ਲੋਕਾਂ ਨੂੰ ਵੀ ਲਾਭ ਮਿਲੇਗਾ। ਸਰਕਾਰ ਦਾ ਉਦੇਸ਼ ਹੈ ਕਿ ਇਸ ਫੈਸਲੇ ਨਾਲ ਲੋਕਾਂ ਦੀ ਜਾਨ-ਮਾਲ ਦੀ ਰੱਖਿਆ ਹੋਵੇ ਅਤੇ ਨਦੀਆਂ ਵਿਚ ਪਾਣੀ ਦਾ ਸਹੀ ਵਹਾਅ ਬਣਿਆ ਰਹੇ। ਪੰਜਾਬ ਸਰਕਾਰ ਵੱਲੋਂ ਲਏ ਗਏ ਇਸ ਫੈਸਲੇ ਨੂੰ ਲੋਕਾਂ ਵੱਲੋਂ ਵੀ ਸਰਾਹਿਆ ਜਾ ਰਿਹਾ ਹੈ ਕਿਉਂਕਿ ਇਹ ਲੋਕਾਂ ਦੀਆਂ ਸਮੱਸਿਆਵਾਂ ਨੂੰ ਧਿਆਨ ਵਿਚ ਰੱਖ ਕੇ ਲਿਆ ਗਿਆ ਹੈ। ਖਾਸ ਤੌਰ ਤੇ ਗ੍ਰਾਮੀਣ ਖੇਤਰਾਂ ਵਿਚ ਰਹਿਣ ਵਾਲੇ ਲੋਕਾਂ ਲਈ ਇਹ ਬਹੁਤ ਲਾਭਦਾਇਕ ਹੈ ਕਿਉਂਕਿ ਬਾੜ੍ਹ ਉਨ੍ਹਾਂ ਲਈ ਵੱਡੀ ਸਮੱਸਿਆ ਬਣੀ ਰਹਿੰਦੀ ਹੈ। ਇਸ ਫੈਸਲੇ ਨਾਲ ਉਨ੍ਹਾਂ ਨੂੰ ਰਾਹਤ ਮਿਲੇਗੀ ਅਤੇ ਉਨ੍ਹਾਂ ਦੀਆਂ ਫਸਲਾਂ ਅਤੇ ਜਾਇਦਾਦ ਵੀ ਸੁਰੱਖਿਅਤ ਰਹਿਣਗੀਆਂ।ਕੈਬਨਿਟ ਦੀ ਬੈਠਕ ਵਿਚ ਲਏ ਗਏ ਇਸ ਫੈਸਲੇ ਤੋਂ ਇਲਾਵਾ ਰਿਜ਼ਰਵੇਸ਼ਨ ਵਿਚ ਵੀ ਸੋਧਾਂ ਨੇ ਲੋਕਾਂ ਵਿਚ ਇੱਕ ਨਵੀਂ ਉਮੀਦ ਜਗਾਈ ਹੈ। ਇਸ ਨਾਲ ਪੰਚਾਇਤੀ ਚੋਣਾਂ ਵਿਚ ਵੱਖ-ਵੱਖ ਵਰਗਾਂ ਨੂੰ ਬਰਾਬਰ ਮੌਕਾ ਮਿਲੇਗਾ ਅਤੇ ਨੁਮਾਇੰਦਗੀ ਵਿਚ ਵੀ ਸੰਤੁਲਨ ਬਣੇਗਾ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਲਗਾਤਾਰ ਲੋਕਾਂ ਦੀ ਭਲਾਈ ਲਈ ਫੈਸਲੇ ਲੈ ਰਹੀ ਹੈ।ਇਸ ਤਰ੍ਹਾਂ ਇਸ ਫੈਸਲੇ ਨਾਲ ਪੰਜਾਬ ਵਿਚ ਬਾੜ੍ਹ ਵਿਰੋਧੀ ਤਿਆਰੀਆਂ ਮਜ਼ਬੂਤ ਹੋਣਗੀਆਂ ਅਤੇ ਪੰਚਾਇਤੀ ਰਾਜ ਵਿਵਸਥਾ ਵੀ ਹੋਰ ਮਜ਼ਬੂਤ ਹੋਵੇਗੀ। ਲੋਕ ਇਸ ਫੈਸਲੇ ਤੋਂ ਖੁਸ਼ ਹਨ ਅਤੇ ਉਮੀਦ ਕਰਦੇ ਹਨ ਕਿ ਇਸ ਨਾਲ ਸਮੱਸਿਆਵਾਂ ਹੱਲ ਹੋਣਗੀਆਂ।

## ਪ੍ਰਿਅੰਕਾ ਗਾਂਧੀ ਵਾਡਰਾ ਨੇ ਕੇਂਦਰ ਸਰਕਾਰ ’ਤੇ ਤਿੱਖਾ ਹਮਲਾ



ਦਿੱਲੀ: ਕਾਂਗਰਸ ਦੀ ਜਨਰਲ ਸਕੱਤਰ ਪ੍ਰਿਅੰਕਾ ਗਾਂਧੀ ਵਾਡਰਾ ਨੇ ਕੇਂਦਰ ਸਰਕਾਰ ’ਤੇ ਤਿੱਖਾ ਹਮਲਾ ਕਰਦਿਆਂ ਦੋਸ਼ ਲਾਇਆ ਹੈ ਕਿ ਭਾਜਪਾ ਸਰਕਾਰ ਮਹਿਲਾ ਰਾਖਵਾਂਕਰਨ ਦੀ ਆੜ ਵਿੱਚ ਦੇਸ਼ ਦੇ ਸੰਘੀ ਢਾਂਚੇ ਨੂੰ ਬਦਲਣ ਦੀ ਸਾਜ਼ਿਸ਼ ਰਚ ਰਹੀ ਸੀ। ਉਨ੍ਹਾਂ ਕਿਹਾ ਕਿ ਲੋਕ ਸਭਾ ਵਿੱਚ 131ਵੀਂ ਸੰਵਿਧਾਨਕ ਸੋਧ ਬਿੱਲ ਦਾ ਡਿੱਗਣਾ ਨਾ ਸਿਰਫ਼ ਸੰਵਿਧਾਨ ਅਤੇ ਲੋਕਤੰਤਰ ਦੀ ਜਿੱਤ ਹੈ, ਬਲਕਿ ਇਹ ਵਿਰੋਧੀ ਧਿਰ ਦੀ ਮਜ਼ਬੂਤ ਏਕਤਾ ਦਾ ਵੀ ਵੱਡਾ ਸਬੂਤ ਹੈ। ਅੱਜ ਦਿੱਲੀ ਵਿੱਚ ਇੱਕ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਪ੍ਰਿਅੰਕਾ ਗਾਂਧੀ ਨੇ ਕਿਹਾ ਕਿ ਸਰਕਾਰ ਦੀ ਅਸਲ ਨੀਅਤ ਔਰਤਾਂ ਨੂੰ ਹੱਕ ਦੇਣ ਦੀ ਨਹੀਂ ਸੀ, ਬਲਕਿ ਹੱਦਬੰਦੀ (ਡੀਲੀਮੀਟੇਸ਼ਨ) ਰਾਹੀਂ ਆਪਣੀ ਸੱਤਾ ਨੂੰ ਲੰਬੇ ਸਮੇਂ ਤੱਕ ਸੁਰੱਖਿਅਤ ਕਰਨ ਦੀ ਸੀ। ਉਨ੍ਹਾਂ ਇਲਜ਼ਾਮ ਲਾਇਆ ਕਿ ਸਰਕਾਰ ਨੇ ਸੋਚਿਆ ਸੀ ਕਿ ਜੇਕਰ ਬਿੱਲ ਪਾਸ ਹੋ ਗਿਆ ਤਾਂ ਉਹ ਆਪਣੀ ਮਰਜ਼ੀ ਅਨੁਸਾਰ ਸੀਟਾਂ ਵਧਾ ਕੇ ਸਿਆਸੀ ਲਾਭ ਲੈ ਲਵੇਗੀ ਅਤੇ ਜੇਕਰ ਫੇਲ੍ਹ ਹੋ ਗਿਆ ਤਾਂ ਵਿਰੋਧੀ ਧਿਰ ਨੂੰ ਮਹਿਲਾ ਵਿਰੋਧੀ ਗਰਦਾਨ ਕੇ ਖੁਦ ਨੂੰ ‘ਮਸੀਹਾ’ ਬਣਾ ਲਵੇਗੀ। ਰਿਅੰਕਾ ਗਾਂਧੀ ਨੇ ਕਿਹਾ, “ਸਰਕਾਰ ਨੇ ਸੋਚਿਆ ਸੀ ਕਿ ਜੇਕਰ ਬਿੱਲ ਪਾਸ ਹੋ ਗਿਆ ਤਾਂ ਉਹ ਆਪਣੀ ਮਰਜ਼ੀ ਅਨੁਸਾਰ ਸੀਟਾਂ ਵਧਾ ਕੇ ਸਿਆਸੀ ਲਾਹਾ ਲੈਣਗੇ, ਅਤੇ ਜੇਕਰ ਫੇਲ੍ਹ ਹੋ ਗਿਆ ਤਾਂ ਵਿਰੋਧੀ ਧਿਰ ਨੂੰ ਮਹਿਲਾ ਵਿਰੋਧੀ ਗਰਦਾਨ ਕੇ ਖੁਦ ‘ਮਸੀਹਾ’ ਬਣ ਜਾਣਗੇ।” ਉਨ੍ਹਾਂ ਹਾਥਰਸ ਕਾਂਡ ਅਤੇ ਮਹਿਲਾ ਪਹਿਲਵਾਨਾਂ ਵਾਲੇ ਮੁੱਦੇ ਦਾ ਹਵਾਲਾ ਦਿੰਦਿਆਂ ਕਿਹਾ ਕਿ ਔਰਤਾਂ ਦਾ ਮਸੀਹਾ ਬਣਨਾ ਇੰਨਾ ਆਸਾਨ ਨਹੀਂ ਹੈ। ਉਨ੍ਹਾਂ ਇਹ ਵੀ ਕਿਹਾ ਕਿ ਔਰਤਾਂ ਦੇ ਮੋਢੇ ’ਤੇ ਬੰਦੂਕ ਰੱਖ ਕੇ ਆਪਣੀ ਮਰਜ਼ੀ ਦੀ ਹੱਦਬੰਦੀ ਕਰਨਾ ਦੇਸ਼ ਦੇ ਹਿੱਤ ਵਿੱਚ ਬਿਲਕੁਲ ਨਹੀਂ ਹੈ।ਪ੍ਰਿਅੰਕਾ ਨੇ ਮੰਗ ਕੀਤੀ ਕਿ ਸਰਕਾਰ 2023 ਦੇ ਮਹਿਲਾ ਰਾਖਵਾਂਕਰਨ ਐਕਟ ਨੂੰ ਲੋਕ ਸਭਾ ਦੀ ਮੌਜੂਦਾ 543 ਸੀਟਾਂ ’ਤੇ ਹੀ ਤੁਰੰਤ ਲਾਗੂ ਕਰੇ। ਉਨ੍ਹਾਂ ਦੱਸਿਆ ਕਿ ਸਰਕਾਰ ਨੇ ਇਸ ਬਿੱਲ ਰਾਹੀਂ ਲੋਕ ਸਭਾ ਦੀਆਂ ਸੀਟਾਂ 543 ਤੋਂ ਵਧਾ ਕੇ 816 ਕਰਨ ਦਾ ਪ੍ਰਸਤਾਵ ਰੱਖਿਆ ਸੀ, ਜਿਸ ਨੂੰ ਵਿਰੋਧੀ ਧਿਰਾਂ ਨੇ ਫੈਡਰਲ ਢਾਂਚੇ ਲਈ ਖ਼ਤਰਾ ਮੰਨਿਆ।ਸ਼ੁੱਕਰਵਾਰ ਨੂੰ ਲੋਕ ਸਭਾ ਵਿੱਚ ਵੋਟਿੰਗ ਦੌਰਾਨ ਸਰਕਾਰ ਨੂੰ ਵੱਡਾ ਝਟਕਾ ਲੱਗਾ।

Cee7News **ਵਿਸ਼ਵ ਰਾਜਨੀਤੀ ਵਿੱਚ ਡੋਨਾਲਡ ਟਰੰਪ ਦਾ ਦਬਦਬਾ ਅਤੇ ਚਰਚਾ ਲਗਾਤਾਰ ਜਾਰੀ**

## ਟਰੰਪ ਵੱਲੋਂ ਸਟ੍ਰੀਟ ਆਫ ਹਾਰਮੁਜ਼ ਦੀ ਬਲਾਕੇਡ ਖ਼ਤਮ ਕਰਨ ਦੇ ਐਲਾਨ ਨਾਲ ਸੰਸਾਰ ਪੱਧਰੀ ਤਣਾਅ ਹੋਵੇਗਾ ਘੱਟ

ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਇਸ ਵੇਲੇ ਵਿਸ਼ਵ ਰਾਜਨੀਤੀ ਵਿੱਚ ਬਹੁਤ ਚਰਚਾ ਵਿੱਚ ਹਨ। ਉਨ੍ਹਾਂ ਦੀਆਂ ਤਾਜ਼ਾ ਗਤੀਵਿਧੀਆਂ ਇਰਾਨ ਨਾਲ ਸਬੰਧਿਤ ਮਾਮਲਿਆਂ ਤੋਂ ਲੈ ਕੇ ਘਰੇਲੂ ਰਾਜਨੀਤੀ ਤੱਕ ਫੈਲੀਆਂ ਹੋਈਆਂ ਹਨ। ਇੱਕ ਤਾਜ਼ਾ ਘਟਨਾ ਵਿੱਚ ਟਰੰਪ ਨੇ ਇਰਾਨ ਵੱਲੋਂ ਸਟ੍ਰੀਟ ਆਫ ਹਾਰਮੁਜ਼ ਉੱਤੇ ਲਾਈ ਗਈ ਬਲਾਕੇਡ ਖਤਮ ਕਰਨ ਦਾ ਐਲਾਨ ਕੀਤਾ ਹੈ। ਇਸ ਘੋਸ਼ਣਾ ਤੋਂ ਬਾਅਦ ਟਰੰਪ ਬਹੁਤ ਖੁਸ਼ ਨਜ਼ਰ ਆਏ ਅਤੇ ਉਨ੍ਹਾਂ ਨੇ ਆਪਣੇ ਟਰੂਥ ਸੋਸ਼ਲ ਪਲੇਟਫਾਰਮ ਉੱਤੇ ਮਾਤਰ 90 ਮਿੰਟਾਂ ਵਿੱਚ 10 ਪੋਸਟਾਂ ਕੀਤੀਆਂ। ਇਸ ਵਿੱਚ ਉਨ੍ਹਾਂ ਨੇ ਇਰਾਨ ਵੱਲੋਂ ਆਏ ਐਲਾਨ ਨੂੰ ਇੱਕੋ ਵਾਰ ਐਕੋ ਕੀਤਾ ਅਤੇ ਫਿਰ ਇਹ ਵੀ ਸਾਫ਼ ਕੀਤਾ ਕਿ ਅਮਰੀਕੀ ਨੌਜਵਾਨ ਬਲਾਕੇਡ ਤੱਕ ਗੱਲਬਾਤ ਪੂਰੀ ਨਾ ਹੋਣ ਤੱਕ ਜਾਰੀ ਰਹੇਗੀ।

ਟਰੰਪ ਨੇ ਇਹ ਵੀ ਕਿਹਾ ਹੈ ਕਿ ਇਰਾਨ ਆਪਣਾ ਇਨਰਿਚਡ ਯੂਰੇਨੀਅਮ ਅਮਰੀਕਾ ਨੂੰ ਸੌਂਪਣ ਲਈ ਤਿਆਰ ਹੈ ਅਤੇ ਇਸ ਲਈ ਅਮਰੀਕੀ ਫੌਜੀਆਂ ਨੂੰ ਜ਼ਮੀਨ ਉੱਤੇ ਉਤਾਰਨ ਦੀ ਲੋੜ ਨਹੀਂ ਪਵੇਗੀ। ਇਸ ਤਰ੍ਹਾਂ ਉਨ੍ਹਾਂ ਨੇ ਇੱਕ ਗੈਰ-ਫੌਜੀ ਹੱਲ ਦਾ ਜ਼ਿਕਰ ਕੀਤਾ ਹੈ ਜੋ ਇਰਾਨ ਨਾਲ ਚੱਲ ਰਹੀ ਤਣਾਅ ਘਟਾਉਣ ਵਿੱਚ ਮਦਦਗਾਰ ਹੋ ਸਕਦਾ ਹੈ। ਇਸ ਤੋਂ ਇਲਾਵਾ ਟਰੰਪ ਨੇ ਚਿਤਾਵਨੀ ਵੀ ਜਾਰੀ ਕੀਤੀ ਹੈ ਕਿ ਜੇਕਰ ਬੁੱਧਵਾਰ ਤੱਕ ਲੰਮੀ ਮਿਆਦ ਵਾਲਾ ਸਮਝੌਤਾ ਨਾ ਬਣਿਆ ਤਾਂ ਸੀਜ਼ਫਾਇਰ ਖਤਮ ਹੋ ਸਕਦਾ ਹੈ। ਉਨ੍ਹਾਂ ਕਿਹਾ, “ਹੋ ਸਕਦਾ ਹੈ ਮੈਂ ਇਸ ਨੂੰ ਵਧਾਉਣਾ ਨਾ ਚਾਹਾਂ, ਪਰ ਇਰਾਨੀ ਬੰਦਰਗਾਹਾਂ ਉੱਤੇ ਲਾਈ ਗਈ ਬਲਾਕੇਡ ਬਰਕਰਾਰ ਰਹੇਗੀ।”

ਇਸ ਤੋਂ ਇਲਾਵਾ ਇਰਾਨ ਨੇ ਟਰੰਪ ਦੇ ਇਸ ਦਾਅਵੇ ਨੂੰ ਰੱਦ ਕਰ ਦਿੱਤਾ ਹੈ ਕਿ ਉਨ੍ਹਾਂ ਨੇ ਆਪਣਾ ਯੂਰੇਨੀਅਮ ਸਟਾਕ ਅਮਰੀਕਾ ਨੂੰ ਸੌਂਪਣ ਲਈ ਸਹਿਮਤੀ ਦਿੱਤੀ ਹੈ। ਤਹਿਰਾਨ ਵੱਲੋਂ ਕਿਹਾ ਗਿਆ ਹੈ ਕਿ ਗੱਲਬਾਤ ਇਸ ਵੇਲੇ ਸਿਰਫ਼ ਸ਼ੁਰੂਆਤੀ ਪੜਾਅ ਉੱਤੇ ਹੈ ਅਤੇ ਇਸ ਨੂੰ ਪੂਰਾ ਹੋਣ ਵਿੱਚ ਹਫ਼ਤਿਆਂ ਦਾ ਸਮਾਂ ਲੱਗ ਸਕਦਾ ਹੈ। ਇਸ ਮਾਮਲੇ ਵਿੱਚ ਅਮਰੀਕਾ ਅਤੇ ਇਰਾਨ ਵਿਚਾਲੇ ਤਣਾਅ ਘਟਾਉਣ ਲਈ ਗੱਲਬਾਤ ਜਾਰੀ ਹੈ ਪਰ ਇਸ ਵਿੱਚ ਅਜੇ ਵੀ ਬਹੁਤ ਸਾਰੀਆਂ ਚੁਣੌਤੀਆਂ ਹਨ।


ਇਸ ਤੋਂ ਇਲਾਵਾ ਡੋਨਾਲਡ ਟਰੰਪ ਨੇ ਫੀਨਿਕਸ, ਏਰੀਜ਼ੋਨਾ ਵਿੱਚ ਟਰਨਿੰਗ ਪੁਆਇੰਟ ਐਕਸ਼ਨ ਦੇ ਇੱਕ ਇਵੈਂਟ ਵਿੱਚ ਭਾਸ਼ਣ ਦਿੱਤਾ। ਇਸ ਇਵੈਂਟ ਵਿੱਚ ਉਨ੍ਹਾਂ ਨੇ ਘਰੇਲੂ ਮੁੱਦਿਆਂ ਉੱਤੇ ਧਿਆਨ ਕੇਂਦਰਿਤ ਕੀਤਾ ਅਤੇ ਆਪਣੀਆਂ ਨੀਤੀਆਂ ਨੂੰ ਉਜਾਗਰ ਕੀਤਾ। ਇਸ ਤੋਂ ਪਹਿਲਾਂ ਲਾਸ ਵੇਗਾਸ ਵਿੱਚ ਟੈਕਸ ਡੇ ਰਾਊਂਡਟੇਬਲ ਇਵੈਂਟ ਵਿੱਚ ਉਨ੍ਹਾਂ ਨੇ ਟਿਪਸ ਉੱਤੇ ਟੈਕਸ ਨਾ ਲਾਉਣ ਵਾਲੀ ਆਪਣੀ ਨੀਤੀ ਨੂੰ ਉਜਾਗਰ ਕੀਤਾ ਅਤੇ ਇਸ ਨੂੰ ਮਿਡਟਰਮ ਚੋਣਾਂ ਵਿੱਚ ਵੋਟਰਾਂ ਲਈ ਆਕਰਸ਼ਕ ਬਣਾਇਆ। ਉਨ੍ਹਾਂ ਕਿਹਾ ਕਿ ਇਸ ਨਾਲ ਸਰਵਿਸ ਇੰਡਸਟਰੀ ਵਿੱਚ ਕੰਮ ਕਰਨ ਵਾਲੇ ਲੋਕਾਂ ਨੂੰ ਫਾਇਦਾ ਹੋਵੇਗਾ।



ਟਰੰਪ ਦੀਆਂ ਇਹ ਗਤੀਵਿਧੀਆਂ ਇਸ ਗੱਲ ਨੂੰ ਦਰਸਾਉਂਦੀਆਂ ਹਨ ਕਿ ਉਹ ਇੱਕ ਪਾਸੇ ਅੰਤਰਰਾਸ਼ਟਰੀ ਮਾਮਲਿਆਂ ਵਿੱਚ ਤੇਜ਼ੀ ਨਾਲ ਫੈਸਲੇ ਲੈ ਰਹੇ ਹਨ ਅਤੇ ਦੂਜੇ ਪਾਸੇ ਘਰੇਲੂ ਰਾਜਨੀਤੀ ਵਿੱਚ ਵੀ ਆਪਣੀ ਪਕੜ ਮਜ਼ਬੂਤ ਕਰ ਰਹੇ ਹਨ। ਇਰਾਨ ਨਾਲ ਚੱਲ ਰਹੀ ਗੱਲਬਾਤ ਵਿੱਚ ਉਨ੍ਹਾਂ ਦਾ ਰਵੱਈਆ ਬਹੁਤ ਸਖ਼ਤ ਅਤੇ ਇੱਕੋ ਵਾਰ ਲਚਕੀਲਾ ਵੀ ਹੈ। ਉਨ੍ਹਾਂ ਨੇ ਸਪੱਸ਼ਟ ਕੀਤਾ ਹੈ ਕਿ ਬਲਾਕੇਡ ਬਰਕਰਾਰ ਰਹੇਗੀ ਜਦ ਤੱਕ ਪੱਕਾ ਸਮਝੌਤਾ ਨਾ ਹੋ ਜਾਵੇ। ਇਸ ਨਾਲ ਇਰਾਨ ਉੱਤੇ ਦਬਾਅ ਬਣਿਆ ਰਹੇਗਾ।ਇੱਕ ਹੋਰ ਮਹੱਤਵਪੂਰਨ ਗੱਲ ਇਹ ਹੈ ਕਿ ਟਰੰਪ ਅਤੇ ਉਨ੍ਹਾਂ ਦੀ ਟੀਮ ਵੱਲੋਂ ਪੋਪ ਲਿਓ ਨਾਲ ਵੀ ਤਣਾਅ ਵਧ ਰਿਹਾ ਹੈ। ਇਸ ਤਣਾਅ ਬਾਰੇ ਟਰਨਿੰਗ ਪੁਆਇੰਟ ਯੂਐਸਏ ਦੇ ਇਵੈਂਟ ਵਿੱਚ ਵੀ ਚਰਚਾ ਹੋਈ ਅਤੇ ਰੂੜੀਵਾਦੀ ਵੋਟਰਾਂ ਵਿੱਚ ਇਸ ਨੂੰ ਲੈ ਕੇ ਵੱਖ-ਵੱਖ ਰਾਏ ਹਨ। ਟਰੰਪ ਨੇ ਆਪਣੀਆਂ ਨੀਤੀਆਂ ਨੂੰ ਧਾਰਮਿਕ ਆਗੂਆਂ ਨਾਲ ਵੀ ਜੋੜ ਕੇ ਪੇਸ਼ ਕੀਤਾ ਹੈ ਪਰ ਇਸ ਵੇਲੇ ਇਸ ਵਿਵਾਦ ਨੇ ਵੀ ਖ਼ਬਰਾਂ ਵਿੱਚ ਥਾਂ ਬਣਾਈ ਹੈ।

ਅਮਰੀਕਾ ਵਿੱਚ ਟਰੰਪ ਦੀ ਦੂਜੀ ਪੜਾਅ ਵਾਲੀ ਸਰਕਾਰ ਵਿੱਚ ਉਨ੍ਹਾਂ ਨੇ ਬਹੁਤ ਸਾਰੇ ਐਗਜ਼ੀਕਿਊਟਿਵ ਆਰਡਰ ਜਾਰੀ ਕੀਤੇ ਹਨ ਜਿਨ੍ਹਾਂ ਨਾਲ ਆਰਥਿਕਤਾ, ਇਮੀਗ੍ਰੇਸ਼ਨ ਅਤੇ ਵਿਦੇਸ਼ ਨੀਤੀ ਉੱਤੇ ਅਸਰ ਪਿਆ ਹੈ। ਭਾਰਤ ਨਾਲ ਵੀ ਟਰੰਪ ਨੇ ਟੈਰਿਫ਼ ਲਾਉਣ ਬਾਰੇ ਗੱਲ ਕੀਤੀ ਸੀ ਅਤੇ ਉਨ੍ਹਾਂ ਨੇ ਕਿਹਾ ਸੀ ਕਿ ਇਹ ਫੈਸਲਾ ਔਖਾ ਸੀ ਅਤੇ ਇਸ ਨਾਲ ਦੋਵਾਂ ਦੇਸ਼ਾਂ ਵਿਚਾਲੇ ਰਿਸ਼ਤਿਆਂ ਵਿੱਚ ਦਰਾਰ ਆਈ ਸੀ। ਇਸ ਤੋਂ ਇਲਾਵਾ ਭਾਰਤ ਵੱਲੋਂ ਇਰਾਨ ਤੋਂ ਤੇਲ ਖਰੀਦਣ ਦੀ ਬਜਾਏ ਵੈਨੇਜ਼ੁਏਲਾ ਤੋਂ ਖਰੀਦਣ ਬਾਰੇ ਵੀ ਚਰਚਾ ਹੋਈ ਸੀ।

## ਜਿੰਦਗੀ ਜਿਉਣ ਦੇ ਢੰਗ



ਆਪਣੇ ਮਤਲਬ ਲਈ ਏਨਾ ਵੀ ਨਾ ਡਿੱਗਿਆ ਕਰ,
ਕਿ ਤੈਨੂੰ ਚੁੱਕਣ ਲਈ ਕੁੱਝ ਮਤਲਬ ਖ਼ੋਰ ਆ ਜਾਣ।
ਘਾਟੇ ਦੀ ਏਨੀ ਪ੍ਰਵਾਹ ਵੀ ਨਾ ਕਰਿਆ ਕਰ,
ਕਿ ਇੱਕ ਘਾਟੇ ਲਈ ਸੌ ਹੋਰ ਘਾਟੇ ਪੈ ਜਾਣ।
ਜਿੰਦਗੀ ਜਿੰਦਾਦਿਲੀ ਨਾਲ ਨਿਭਾਇਆ ਕਰ,
ਕੀ ਪਤਾ ਰਸਤੇ ਵਿੱਚ ਬੈਠੇ ਫ਼ਨੀਅਰ ਕਦ ਖ਼ਾ ਜਾਣ।
ਹਰ ਪਲ ਵਿਚੋਂ ਖੁਸ਼ੀ ਮਹਿਸੂਸ ਕਰਿਆ ਕਰ,
ਕੀ ਪਤਾ ਕਦੋਂ ਤੇਰੇ ਹਾਸੇ ਗ਼ਮੀਆ ਵਿੱਚ ਬਦਲ ਜਾਣ।
ਆਪਣੇ ਆਪ ਦਾ ਹੌਸਲਾ ਵਧਾਇਆ ਕਰ,
ਕੀ ਪਤਾ ਕਿਹੜੇ ਹੌਸਲੇ ਤੇਰੀ ਜਿੰਦਗੀ ਬਦਲ ਜਾਣ।
ਨਫ਼ਰਤ ਤੋ ਕਿਨਾਰਾ ਕਰਨ ਵਾਲਿਆਂ ਦੀ ਦੋਸਤੀ ਕਰ,
ਕੀ ਪਤਾ ਕਦ ਦੁਸ਼ਮਣ ਵੀ ਸੱਜਣ ਬਣ ਜਾਣ।
ਰੰਗਲੀ ਦੁਨੀਆਂ ਨਾਲ ਨਿਪਟਣ ਲਈ ਤਿਆਰ ਰਹਿਆ ਕਰ,
ਕੀ ਪਤਾ ਕਦ ਤੈਨੂੰ ,ਕਿੱਥੇ ਤੇਰੇ ਆਪਣੇ ਵਰਤ ਜਾਣ।
ਰਮਨ ਸੁਚੇਤ ਰਹਿਣ ਵਿੱਚ ਸ਼ਾਬਾਸ਼ੀ ਹੈ,
ਕੀ ਪਤਾ ਕਦ ਦਰਵਾਜ਼ੇ ਖੋਲ੍ਹਣ ਵਾਲੇ ਦਰਵਾਜ਼ੇ ਬੰਦ ਕਰ ਜਾਣ।
ਰਮਨਦੀਪ ਕੌਰ
ਬਟਾਲਾ

## ਕੇਰਾਂ ਦੱਸ ਖਾਂ.........................?



ਕੇਰਾਂ ਦੱਸ ਖਾਂ........ ..............?
ਤੇਰੇ ਹੱਡਾਂ ਚ ਬੜੀ ਬੇਰਿਮੀ ਨਾਲ,
ਪਾਣੀ ਹੱਥੀਂ ਪਾ-ਪਾ ਕੱਢਿਆ ਇਸ਼ਕ
ਨੇ ?
ਮਹਿਬੂਬ ਤੇਰੇ ਤੋਂ ਪਾਸੇ ਕਰ,ਤੈਨੂੰ ਅੱਧ
ਮੋਇਆ ਕਰ ਛੱਡਿਆ ਇਸ਼ਕ ਨੇ ?
ਬਗੈਰ ਕਿਸੇ ਤਈਂ ਖਬਰ ਹੋਣ ਦਿੱਤੇ ਹੀ,
ਆ ਵਿਚਾਲੇ ਸਭ ਦੇ ਦੱਬਿਆ ਇਸ਼ਕ
ਨੇ ?
ਜਖਮ ਦੇ ਪਿੱਛੋਂ ਖੁਦ ਮੱਲ੍ਹਮ
ਵੀ ਲਾਈ,
ਫੇਰ ਬਿਨਾਂ ਦੰਦਾਂ ਤੋਂ,ਧਰ ਪੈਰੋਂ ਸਿਰੇ ਤੱਕ
ਤੈਨੂੰ "ਬਣਾ-ਸਬੂਤਾ" ਚੱਬਿਆ ਇਸ਼ਕ ਨੇ ?
ਅੱਕ ਭਗਾਉੜਾ ਹੋਣ ਦੀ ਤੈਂ ਕੋਝੀ
ਹਰਕਤ ਜੋ ਕੀਤੀ,ਪਾ ਤੇਰੇ ਮੁੜ ਧੂਹ
ਕਾਲਜੇ, ਮੁੜ ਉਸੇ ਖੇਮੇ ਵਿੱਚ ਸੱਦਿਆ
ਇਸ਼ਕ ਨੇ,
ਜਾ ਲੁਕਿਆ ਜਿਸ ਭੋਰੇ ਝੱਟ
ਲੱਭਿਆ ਇਸ਼ਕ ਨੇ ?
ਰਣਜੀਤ ਦਰਾਅਸਲ ਇਸਨੇ ਆਪਣੀ
ਹੋਂਦ ਸਮਝਾਉਣ ਲਈ,
ਹੰਕਾਰ ਤੇਰੇ ਦੇ ਕਈ ਟੋਟੇ ਕਰ,
ਅਖੀਰ ਵਾਂਗ
ਕਸਾਈਆਂ ਦੇ ਵੱਢਿਆ ਇਸ਼ਕ ਨੇ ?
ਦੱਸ ਖਾਂ ?
ਤੇਰੇ ਹੱਡਾ ਚ ਬੜੀ ਬੇ-ਰਹਿੰਮੀ ਨਾਲ
"ਪਾਣੀ" ਹੱਥੀਂ ਪਾ-ਪਾ ਕੱਢਿਆ ਇਸ਼ਕ
ਨੇ............?

ਇਸ਼ਕ ਜੋ ਕਿਸੇ ਨੂੰ ਕਲਾ ਨਾਲ ਹੁੰਦਾ ਕਿਸੇ ਨੂੰ ਕਾਰੋਬਾਰ ਨਾਲ ਹੁੰਦਾ,ਕਿਸੇ ਨੂੰ ਖੁਦ ਨਾਲ ਹੁੰਦਾ ਕਿਸੇ ਨੂੰ ਦੂਜੇ ਨਾਲ ਹੁੰਦਾ,ਪਰ ਨੇਪਰੇ ਵਿਰਲਿਆਂ ਦਾ ਚੜ੍ਹਦਾ ਕਿਉਂਕਿ ਇਹ ਜਦ ਸਿਰ ਚੜ੍ਹ ਬੋਲਦਾ,ਤਾ ਹੋਸ਼ ਭੁਲਾ ਦਿੰਦਾ ਫੇਰ ਇਸ ਅੱਗੇ ਟਿਕ ਪਾਉਂਣਾ ਹਰੇਕ ਦੇ ਵੱਸ ਨਹੀਂ ਹੁੰਦਾ,ਦਰਾਅਸਲ ਕੁਦਰਤ ਤੁਹਾਡੇ ਹੌਸਲੇ ਨੂੰ ਪਰਖਣ ਲਈ ਤੁਹਾਨੂੰ ਤਰਾਂ-ਤਰਾਂ ਦੀਆਂ ਮੁਸੀਬਤਾਂ ਵਿੱਚੋਂ ਲੰਘਾਉਂਦੀ ਹੈ ! ਤਾ ਜੋ ਤੁਸੀਂ ਇਹ ਸਮਝ ਸਕੋ,ਕਿ ਇਸ਼ਕ ਆਪਾ ਨਿਸ਼ਾਵਰ ਕਰਨ ਦਾ ਨਾਮ ਹੈ,ਕੁੱਝ ਅਰਜਿਤ ਕਰਨ ਦਾ ਨਹੀਂ,ਜੋ ਇਹ ਸਮਝਦਾ ਉਹ ਇਸਦੇ ਗਹਿਰੇ ਸਮੁੰਦਰੀ ਗੋਤੇ ਖਾ ਸਤਿਹ ਤੇ ਆ ਜਾਂਦਾ,ਜੋ ਨਹੀਂ ਸਮਝਦਾ ਉਹ ਮੁੜ ਲੱਭਦਾ ਹੀ ਨਹੀਂ !

## ਜਸਜੀਤ ਦੀਆਂ ਲਿਖਤਾਂ



1. ਉਮਰਾਂ ਦੇ ਕਸ਼ ਤਾਂ ਉੱਡਦੇ ਰਹੇ
ਪਰ ਕੋਈ ਸੁਲਘ ਰਿਹਾ ਕੋਈ ਕੀ ਜਾਣੇ
ਐਪਰ ਮੁਹੱਬਤ ਵੀ ਕਮਬਖ਼ਤ ਨਿਕਲੀ
ਉਹ ਵੀ ਆਖੇ ਜਵਾਨੀਆਂ ਕਿੰਝ ਮਾਣੇਂ...
ਜਸ ਜੀਤ
2 ਮੈਂ ਤਾਂ ਉੱਥੇ ਮਰਿਆਂ ਸਾਂ
ਜਿੱਥੇ ਮਰਿਆਂ ਰੱਬ ਮਿਲਦਾ
ਚੰਗਾ ਹੁੰਦਾ ਜੇ ਜੀਅ ਲੈਂਦੇ
ਨਾਂ ਮਰਿਆਂ ਇਹ ਜੱਭ ਮਿਲ਼ਦਾ...
ਜਸ ਜੀਤ

ਲੇਖਕ ਆਪਣੀਆਂ ਰਚਨਾਵਾਂ
ਇਸ ਨੰਬਰ ਤੇ ਭੇਜ ਸਕਦੇ ਹਨ
+91 98155 61022

# ਕਿਸੇ ਸਰਕਸ ਵਿੱਚ ਇੱਕ ਬੁੱਢਾ ਕਲਾਕਾਰ ਸੀ। ਉਸਦਾ ਖੇਡ ਬਹੁਤ ਖ਼ਤਰਨਾਕ ਸੀ।



ਕਿਸੇ ਸਰਕਸ ਵਿੱਚ ਇੱਕ ਬੁੱਢਾ ਕਲਾਕਾਰ ਸੀ। ਉਸਦਾ ਖੇਡ ਬਹੁਤ ਖ਼ਤਰਨਾਕ ਸੀ। ਉਹ ਆਪਣੀ ਪਤਨੀ ਨੂੰ ਲੱਕੜ ਦੇ ਇੱਕ ਤਖ਼ਤੇ ਦੇ ਸਾਹਮਣੇ ਖੜ੍ਹਾ ਕਰ ਦਿੰਦਾ ਅਤੇ ਫਿਰ ਦੂਰੋਂ ਉਸ 'ਤੇ ਛੁਰੇ ਸੁੱਟਦਾ। ਹਰ ਵਾਰ ਛੁਰਾ ਉਸਦੀ ਪਤਨੀ ਦੇ ਗਲੇ, ਮੋਢੇ, ਬਾਂਹ ਜਾਂ ਪੈਰਾਂ ਦੇ ਬਿਲਕੁਲ ਕੋਲੋਂ ਲੰਘ ਕੇ ਤਖ਼ਤੇ ਵਿੱਚ ਖੁੱਭ ਜਾਂਦਾ। ਜੇਕਰ ਅੱਧਾ ਇੰਚ ਵੀ ਇੱਧਰ-ਉੱਧਰ ਹੋ ਜਾਂਦਾ, ਤਾਂ ਉਸਦੀ ਪਤਨੀ ਦੀ ਜਾਨ ਜਾ ਸਕਦੀ ਸੀ।

ਇਹ ਖੇਡ ਉਹ ਤੀਹ ਸਾਲਾਂ ਤੋਂ ਕਰ ਰਿਹਾ ਸੀ। ਇੰਨੇ ਲੰਬੇ ਸਮੇਂ ਤੱਕ ਇਹ ਕਰਤੱਬ ਦਿਖਾਉਂਦੇ-ਦਿਖਾਉਂਦੇ ਉਹ ਆਪਣੀ ਕਲਾ ਵਿੱਚ ਇੰਨਾ ਨਿਪੁੰਨ ਹੋ ਗਿਆ ਸੀ ਕਿ ਉਸਦੀ ਪਕੜ ਅਦਭੁਤ ਹੋ ਗਈ ਸੀ।

ਪਰ ਸਮੇਂ ਦੇ ਨਾਲ ਉਸਦੇ ਮਨ ਵਿੱਚ ਆਪਣੀ ਪਤਨੀ ਪ੍ਰਤੀ ਅੱਕਾਊਪਨ ਪੈਦਾ ਹੋ ਗਿਆ। ਪਤਨੀ ਦਾ ਸੁਭਾਅ ਝਗੜਾਲੂ ਅਤੇ ਕਠੋਰ ਸੀ। ਰੋਜ਼ ਦੇ ਝਗੜਿਆਂ ਅਤੇ ਕੌੜੇ ਵਿਵਹਾਰ ਨੇ ਉਸਦੇ ਮਨ ਵਿੱਚ ਹੌਲੀ-ਹੌਲੀ ਨਫ਼ਰਤ ਅਤੇ ਗੁੱਸਾ ਭਰ ਦਿੱਤਾ।

ਇੱਕ ਦਿਨ ਅਜਿਹਾ ਆਇਆ ਜਦੋਂ ਉਸਦਾ ਮਨ ਪੂਰੀ ਤਰ੍ਹਾਂ ਜ਼ਹਿਰੀਲਾ ਹੋ ਚੁੱਕਾ ਸੀ। ਉਸ ਦਿਨ ਉਸਨੇ ਫੈਸਲਾ ਕਰ ਲਿਆ ਕਿ ਉਹ ਆਪਣੀ ਪਤਨੀ ਦਾ ਕਤਲ ਕਰ ਦੇਵੇਗਾ।

ਉਹ ਹਮੇਸ਼ਾ ਦੀ ਤਰ੍ਹਾਂ ਛੁਰਾ ਚੁੱਕਦਾ ਹੈ ਪਰ ਇਸ ਵਾਰ ਉਸਦਾ ਨਿਸ਼ਾਨਾ ਖੇਡ ਲਈ ਨਹੀਂ, ਕਤਲ ਲਈ ਸੀ। ਉਸਨੇ ਛੁਰਾ ਸਿੱਧਾ ਪਤਨੀ ਦੇ ਦਿਲ ਵੱਲ ਸਾਧਿਆ।

ਉਹ ਸੋਚ ਰਿਹਾ ਸੀ— ਇੱਕ ਹੀ ਵਾਰ ਵਿੱਚ ਸਭ ਖ਼ਤਮ ਹੋ ਜਾਵੇਗਾ। ਗੁੱਸੇ ਅਤੇ ਆਵੇਸ਼ ਵਿੱਚ ਉਸਨੇ ਪੂਰੀ ਤਾਕਤ ਨਾਲ ਛੁਰਾ ਸੁੱਟਿਆ। ਛੁਰਾ ਸੁੱਟਦੇ ਸਮੇਂ ਉਸਦੀਆਂ ਅੱਖਾਂ ਬੰਦ ਹੋ ਗਈਆਂ। ਬੰਦ ਅੱਖਾਂ ਵਿੱਚ ਉਸਨੇ ਕਲਪਨਾ ਕੀਤੀ— ਛੁਰਾ ਪਤਨੀ ਦੀ ਛਾਤੀ ਵਿੱਚ ਖੁੱਭ ਗਿਆ ਹੈ, ਖੂਨ ਦਾ ਫੁਹਾਰਾ ਨਿਕਲ ਰਿਹਾ ਹੈ ਅਤੇ ਪਤਨੀ ਇੱਕ ਹਉਕਾ ਭਰ ਕੇ ਡਿੱਗ ਪਈ ਹੈ।


ਡਰਦੇ-ਡਰਦੇ ਉਸਨੇ ਅੱਖਾਂ ਖੋਲ੍ਹੀਆਂ। ਪਰ ਜੋ ਉਸਨੇ ਦੇਖਿਆ, ਉਹ ਹੈਰਾਨੀਜਨਕ ਸੀ। ਉਸਦੀ ਪਤਨੀ ਬਿਲਕੁਲ ਠੀਕ-ਠਾਕ ਖੜ੍ਹੀ ਸੀ ਅਤੇ ਮੁਸਕਰਾ ਰਹੀ ਸੀ। ਛੁਰਾ ਹਮੇਸ਼ਾ ਦੀ ਤਰ੍ਹਾਂ ਉਸਦੇ ਸਰੀਰ ਨੂੰ ਛੂਹੰਦਾ ਹੋਇਆ ਤਖ਼ਤੇ ਵਿੱਚ ਖੁੱਭ ਗਿਆ ਸੀ। ਉਸਨੇ ਦੂਜਾ ਛੁਰਾ ਚੁੱਕਿਆ। ਇਸ ਵਾਰ ਵੀ ਉਹ ਗੁੱਸੇ ਨਾਲ ਭਰਿਆ ਹੋਇਆ ਸੀ। ਉਸਨੇ ਫਿਰ ਨਿਸ਼ਾਨਾ ਲਗਾਇਆ— ਕਤਲ ਲਈ। ਪਰ ਛੁਰਾ ਫਿਰ ਉਸੇ ਤਰ੍ਹਾਂ ਨਿਕਲ ਗਿਆ। ਉਸਨੇ ਇੱਕ-ਇੱਕ ਕਰਕੇ ਸਾਰੇ ਛੁਰੇ ਸੁੱਟੇ ਗੁੱਸੇ ਵਿੱਚ, ਬਦਲੇ ਵਿੱਚ, ਕਤਲ ਦੀ ਭਾਵਨਾ ਨਾਲ ਪਰ ਹਰ ਵਾਰ ਉਹੀ ਹੋਇਆ ਛੁਰੇ ਪਤਨੀ ਨੂੰ ਛੂਹੇ ਬਿਨਾਂ ਫੱਟੇ ਵਿੱਚ ਖੁੱਭਦੇ ਚਲੇ ਗਏ।

ਅੰਤ ਵਿੱਚ ਉਸਨੇ ਆਪਣੇ ਹੱਥਾਂ ਵੱਲ ਦੇਖਿਆ। ਅੱਖਾਂ ਵਿੱਚ ਅੱਥਰੂ ਆ ਗਏ। ਉਹ ਸੋਚਣ ਲੱਗਾ ਇਨ੍ਹਾਂ ਹੱਥਾਂ ਨੂੰ ਕੀ ਹੋ ਗਿਆ ਹੈ?

ਉਸਨੂੰ ਪਤਾ ਨਹੀਂ ਸੀ ਕਿ ਤੀਹ ਸਾਲਾਂ ਦੇ ਅਭਿਆਸ ਨੇ ਉਸਦੇ ਹੱਥਾਂ ਨੂੰ ਇੰਨਾਂ ਆਦੀ ਬਣਾ ਦਿੱਤਾ ਹੈ ਕਿ ਹੁਣ ਉਹ ਉਸਦੀ ਇੱਛਾ ਦੇ ਵਿਰੁੱਧ ਵੀ ਉਹੀ ਕਰਦੇ ਹਨ, ਜਿਸਦੇ ਉਹ ਆਦੀ ਹੋ ਚੁੱਕੇ ਹਨ। ਉਸਦੀ ਕਲਾ ਉਸਦੀ ਨਫ਼ਰਤ ਤੋਂ ਵੀ ਵੱਧ ਸ਼ਕਤੀਸ਼ਾਲੀ ਹੋ ਗਈ ਸੀ।

ਮਨੁੱਖ ਦਾ ਜੀਵਨ ਵੀ ਕੁਝ ਅਜਿਹਾ ਹੀ ਹੈ। ਅਸੀਂ ਵੀ ਆਪਣੇ ਵਿਚਾਰਾਂ, ਭਾਵਨਾਵਾਂ ਅਤੇ ਕਰਮਾਂ ਦੇ ਹੌਲੀ-ਹੌਲੀ ਆਦੀ ਹੋ ਜਾਂਦੇ ਹਾਂ।
ਓਸ਼ੋ!

# ਇੱਕ ਆਦਮੀ ਨੇ ਕਿਹਾ :- ਮੇਰੀ ਪਤਨੀ ਮੇਰੇ ਨਾਲ ਹੀ ਸੁੱਤੀ ਪਈ ਸੀ, ਅਚਾਨਕ ਮੈਨੂੰ ਫੋਨ ਤੇ ਇੱਕ ਨੋਟੀਫਿਕੇਸ਼ਨ ਆਇਆ,



ਇੱਕ ਆਦਮੀ ਨੇ ਕਿਹਾ :-
ਮੇਰੀ ਪਤਨੀ ਮੇਰੇ ਨਾਲ ਹੀ ਸੁੱਤੀ ਪਈ ਸੀ, ਅਚਾਨਕ ਮੈਨੂੰ ਫੋਨ ਤੇ ਇੱਕ ਨੋਟੀਫਿਕੇਸ਼ਨ ਆਇਆ, ਕਿਸੇ ਕੁੜੀ ਨੇ ਦੋਸਤੀ ਦੀ ਰਿਕੁਐਸਟ ਕੀਤੀ ਸੀ, ਸੋਚਿਆ ਵੇਖਾਂ ਭਲਾਂ ਕੌਣ ਏ ?
ਮੈਂ ਰਿਕੁਐਸਟ ਸਵੀਕਾਰ ਕਰ ਲਈ ਤੇ ਮੈਸੇਜ ਭੇਜਿਆ ਤੇ ਪੁੱਛਿਆ , "ਕੌਣ ? '
ਉਸਨੇ ਕਿਹਾ ਕਿ ਮੈਂ ...... ਹਾਂ, ਮੈਨੂੰ ਪਤਾ ਤੇਰਾ ਵਿਆਹ ਹੋ ਚੁੱਕਾ ਹੈ ਪਰ ਮੈਂ ਅੱਜ ਵੀ ਤੇਰੇ ਨਾਲ ਬਿਤਾਏ ਹੁਸੀਨ ਪਲਾਂ ਨੂੰ 'ਮਿਸ' ਕਰਦੀ ਹਾਂ। ਕੀ ਆਪਾਂ ਮੁੜ ਤੋਂ ਗੱਲ ਕਰ ਸਕਦੇ ਹਾਂ ?
( ਮੇਰੇ ਪੁਰਾਣੇ ਰਿਸ਼ਤਿਆਂ ਵਿੱਚੋ ਕੋਈ ਕੁੜੀ ਸੀ, ਬੇਹੱਦ ਹੁਸੀਨ ਤੇ ਬੇਹੱਦ ਹੁਸੀਨ ਪਲਾਂ ਵਾਲ਼ੀ)
ਮੈਂ ਕੁਝ ਪਲ ਚੈਟ ਬੰਦ ਕੀਤੀ ਤੇ ਪੱਕਾ ਕੀਤਾ ਕਿ ਮੇਰੀ ਘਰਵਾਲੀ ਸੱਚ ਮੁੱਚ ਸੁੱਤੀ ਹੈ, ਐਸੇ ਪਲ ਬੰਦੇ ਨੂੰ ਇੱਕ ਅਲੱਗ ਅਹਿਸਾਸ ਚ ਲੈ ਜਾਂਦੇ ਹਨ।
ਮੈਂ ਉਹਦੇ ਵੱਲ ਵੇਖਿਆ , ਉਹ ਗੂੜ੍ਹੀ ਨੀਂਦ ਚ ਸੁੱਤੀ ਪਈ ਸੀ ਸਾਰਾ ਦਿਨ ਘਰ ਦੇ ਕੰਮ ਮੁਕਾ ਕੇ।
ਜਿਉਂ ਹੀ ਮੈਂ ਉਹਦੇ ਵੱਲ ਵੇਖਿਆ ਮੈਂ ਸੋਚਣਾ ਸ਼ੁਰੂ ਕੀਤਾ ਕਿ ਉਹ ਕਿੰਨੀ ਸੁਰੱਖਿਅਤ ਮਹਿਸੂਸ ਕਰਕੇ ਕਿ ਇੱਕ "ਅਣਜਾਣ ਘਰ " ਵਿੱਚ ਐਨੇ ਅਰਾਮ ਨਾਲ ਸੁੱਤੀ ਪਈ ਹੈ।.
#HarjotDiKalam
ਉਹ ਕਿਸੇ ਹੋਰ ਘਰ ਤੋਂ ਹੈ , ਜਿਥੇ 24 ਸਾਲ ਆਪਣੇ ਪਰਿਵਾਰ ਨਾਲ ਰਹਿ ਕੇ ਬਿਤਾਏ।
ਜਦੋਂ ਉਹ ਗੁੱਸੇ ਹੁੰਦੀ ਸੀ, ਦੁਖੀ ਹੁੰਦੀ ਸੀ ਉਹਦੀ ਮਾਂ ਉਸ ਕੋਲ ਸੀ ਜਿਸ ਕੋਲ ਬੈਠ ਕੇ ਉਹ ਦੁਬਾਰਾ ਚੰਗਾ ਮਹਿਸੂਸ ਕਰ ਸਕਦੀ ਸੀ। ਉਸਦੇ ਭੈਣ ਭਰਾ ਸਨ ਜਿਹਨਾਂ ਨਾਲ ਹਾਸੇ ਖੇਡੀਆਂ ਸਨ।
ਉਹਦੇ ਡੈਡੀ ਸੀ ਜੋ ਉਹ ਕੁਝ ਲਿਆਉਂਦੇ ਸੀ ਜਦੋਂ ਉਹਨੂੰ ਪ੍ਸੰਦ ਸੀ ਤੇ ਕਿੰਨਾ ਹੀ ਹੋਰ ਕੁਝ ਸੀ...
ਉਹ ਸਭ ਸਿਰਫ ਮੇਰੇ ਲਈ ਛੱਡ ਚੁੱਕੀ ਏ .....
ਜਿਉਂ ਹੀ ਇਹ ਸਭ ਮੇਰੇ ਦਿਮਾਗ ਚ ਆਇਆ, ਮੈਂ ਫੋਨ ਚੁੱਕਿਆ ਤੇ ਤੁਰੰਤ ਬਲੌਕ ਦਾ ਬਟਨ ਦੱਬ ਦਿੱਤਾ।
ਮੈਂ ਓਹਦੇ ਵੱਲ ਮੂੰਹ ਘੁਮਾਇਆ ਤੇ ਉਸਦੇ ਨਾਲ ਗਲਵੱਕੜੀ ਕੱਸ ਕੇ ਸੌਂ ਗਿਆ।
ਕਿਉਂਕਿ ਮੈਂ ਮਰਦ ਹਾਂ,ਇੱਕ ਐਸਾ ਮਰਦ ਜੋ ਆਪਣੀ ਪਤਨੀ ਨਾਲ ਧੋਖਾ ਨਹੀਂ ਕਰਦਾ ਤੇ ਆਪਣੇ ਪਰਿਵਾਰ ਨੂੰ ਨਹੀਂ ਤੋੜਦਾ।
(ਅੰਗਰੇਜ਼ੀ ਤੋਂ ਅਨੁਵਾਦ )
।ਹਰਜੋਤ ਸਿੰਘ ।
70094-52602
।।ਹੋਰ ਪੋਸਟਾਂ ਲਈ Harjot Di Kalam ਨੂੰ ਫ਼ੌਲੋ ਕਰ ਸਕਦੇ ਹੋ ।।

# ਪੁਤਿਨ ਯੂਕਰੇਨ ਵਿਚ ਇਸ ਆਸ ਨਾਲ ਵੜਿਆ ਸੀ ਕਿ ਇੱਕ ਦੋ ਦਿਨਾਂ ਵਿਚ ਜੰਗ ਜਿੱਤ ਲੈਣੀ ਹੈ।



ਪੁਤਿਨ ਯੂਕਰੇਨ ਵਿਚ ਇਸ ਆਸ ਨਾਲ ਵੜਿਆ ਸੀ ਕਿ ਇੱਕ ਦੋ ਦਿਨਾਂ ਵਿਚ ਜੰਗ ਜਿੱਤ ਲੈਣੀ ਹੈ। ਉਸਨੂੰ ਲੱਗਦਾ ਸੀ ਕਿ ਰੂਸ ਦੀ ਅਥਾਹ ਤਾਕਤ ਸਾਹਵੇਂ ਯੂਕਰੇਨ ਦੇ ਫੌਜੀ ਹਥਿਆਰ ਸਿੱਟ ਦੇਣਗੇ ਅਤੇ ਆਪਣੇ ਮੋਰਚੇ ਛੱਡ ਕੇ ਭੱਜ ਜਾਣਗੇ। ਹੋਇਆ ਇਸਦੇ ਉਲਟ।

ਯੂਕਰੇਨੀ ਲਹੂ ਵਿਚ ਮਘ ਰਿਹਾ ਰੋਹ ਭਾਂਬੜ ਬਣ ਗਿਆ। ਸਾਰਾ ਮੁਲਕ ਆਪਣੀ 'ਹੋਂਦ ਦੀ ਲੜਾਈ' ਲਈ ਇਕੱਠਾ ਹੋ ਗਿਆ। ਆਪਣੇ ਨਾਲੋਂ ਕਈ ਗੁਣਾ ਤਾਕਤਵਰ ਰੂਸੀ ਫੌਜ ਦੀਆਂ ਗੋਡਣੀਆਂ ਲਵਾ ਦਿੱਤੀਆਂ। ਯੂਕਰੇਨੀ ਕਿਸਾਨਾਂ ਨੇ ਰੂਸੀ ਟੈਂਕ ਟਰੈਕਟਰਾਂ ਮਗਰ ਪਾ ਪਾ ਘੜੀਸੇ।

ਕਿਸਾਨ ਮੋਰਚੇ ਤੋਂ ਬਾਅਦ ਟਰੈਕਟਰ ਖੇਤੀ ਦਾ ਸੰਦ ਨਹੀਂ ਰਿਹਾ, ਸਗੋਂ ਸੰਘਰਸ਼ ਦਾ ਸਿੰਬਲ ਵੀ ਬਣ ਗਿਆ ਹੈ ਅਤੇ ਸ਼ਸਤਰ ਵੀ। ਟਰੈਕਟਰਾਂ ਨਾਲ ਦਿੱਲੀ ਪਹੁੰਚੇ, ਟਰੈਕਟਰਾਂ ਨਾਲ ਹੀ ਦਿੱਲੀ ਘੇਰੀ, ਲਾਲ ਕਿਲ੍ਹੇ 'ਤੇ ਕੇਸਰੀ ਨਿਸ਼ਾਨ ਝੁਲਾਇਆ, ਅਤੇ ਹੁਣ ਟਰੈਕਟਰਾਂ ਨਾਲ ਹੀ ਯੂਕਰੇਨ ਦੇ ਕਿਸਾਨ ਰੂਸੀ ਟੈਂਕਾਂ ਦਾ ਮੁਕਾਬਲਾ ਕਰ ਰਹੇ ਹਨ।

ਗੱਲ ਇਹ ਨਹੀਂ ਹੁੰਦੀ ਕਿ ਤੁਹਾਡੇ ਕੋਲ ਦੁਸ਼ਮਣ ਵਰਗੇ ਹਥਿਆਰ ਹਨ ਜਾਂ ਨਹੀਂ। ਗੱਲ ਤਾਂ ਇਹ ਹੁੰਦੀ ਹੈ ਕਿ ਤੁਹਾਡੇ ਕੋਲ ਲੜਨ ਦਾ ਜਜ਼ਬਾ ਹੈ ਕਿ ਨਹੀਂ। ਜਦੋਂ ਸਪਿਰਿਟ ਮਰਨਾ-ਮਾਰਨਾ ਮਿਥ ਲਵੇ, ਉਦੋਂ ਹੱਥ ਵਿਚ ਫੜਿਆ ਹਰੇਕ ਸੰਦ ਹੀ ਹਥਿਆਰ ਬਣ ਜਾਂਦਾ ਹੈ।

ਹੋ ਸਕਦਾ ਹੈ ਅਜੇ ਵੀ ਯੂਕਰੇਨ ਹਾਰ ਜਾਵੇ, ਪਰ ਹਰ ਹਾਰ ਵੀ ਇੱਕੋ ਜਿਹੀ ਨਹੀਂ ਹੁੰਦੀ। ਜਦੋਂ ਕੌਮਾਂ ਬਿਨਾਂ ਲੜੇ ਹਾਰ ਮੰਨ ਲੈਂਦੀਆਂ ਹਨ ਤਾਂ ਉਹਨਾਂ ਦੀ ਸਪਿਰਿਟ ਮਰ ਜਾਂਦੀ ਹੈ। ਫੇਰ ਉਹ ਇਤਿਹਾਸ ਵਿਚ ਦੁਬਾਰਾ ਉੱਠਣ ਜੋਗੀਆਂ ਨਹੀਂ ਰਹਿੰਦੀਆਂ।

ਪਰ ਜਾਨ-ਹੂਲਵੇਂ ਸੰਘਰਸ਼ ਤੋਂ ਬਾਅਦ ਮਿਲੀ ਹਾਰ ਵੀ ਕਿਸੇ ਕੌਮ ਦੀ ਹੋਂਦ ਨੂੰ ਹੋਰ ਪੱਕਿਆਂ ਕਰ ਜਾਂਦੀ ਹੈ। ਭਾਵੇਂ ਯੂਕਰੇਨ ਦੇ ਲੋਕ ਹਾਰ ਵੀ ਜਾਣ, ਪਰ ਰੂਸ ਵਰਗੀ ਵੱਡੀ ਤਾਕਤ ਦੀਆਂ ਗੋਡਣੀਆਂ ਲਵਾਉਣ ਦਾ ਅਹਿਸਾਸ ਉਹਨਾਂ ਦੀ ਹੋਂਦ ਨੂੰ ਸਦੀਆਂ ਤੱਕ ਸਲਾਮਤ ਰੱਖੇਗਾ।

ਸਿੱਖਾਂ ਦੇ ਘੱਲੂਘਾਰਿਆਂ ਦਾ ਇਤਿਹਾਸ ਵੀ ਇਹੀ ਦੱਸਦਾ ਹੈ। ਸਾਡੇ ਜ਼ਖਮਾਂ ਨੇ ਵੀ ਸਾਨੂੰ ਜਿਉਂਦੇ ਰੱਖਿਆ ਹੈ। ਜਿੰਨਾ ਚਿਰ ਸਿੱਖੀ ਦੀ ਸਪਿਰਿਟ ਜਿਉਂਦੀ ਹੈ, ਓਨਾ ਚਿਰ ਇਹ ਸੰਘਰਸ਼ ਚੱਲਦਾ ਹੀ ਰਹਿਣੈ। ਪਰ ਕਈ ਵਾਰ ਜ਼ਖਮ ਸਰੀਰ ਦੀ ਥਾਂ ਸਪਿਰਿਟ ਉੱਤੇ ਲੱਗਦੇ ਹਨ। ਜ਼ਖਮ ਨਹੀਂ, ਅਸਲ ਵਿਚ ਸਪਿਰਿਟ ਨੂੰ ਸਿਉਂਕ ਲੱਗਦੀ ਹੈ। ਸਾਡੇ ਨਾਲ ਇਹੀ ਹੋਇਆ ਹੈ ਕਿ ਅਸੀਂ ਆਪਣੀ ਸਪਿਰਿਟ ਨੂੰ ਲੱਗੀ ਸਿਉਂਕ ਨੂੰ ਨਾ ਪਛਾਣ ਸਕੇ ਅਤੇ ਨਾ ਹੀ ਮਾਰ ਸਕੇ।

ਸਾਡੀ ਸਪਿਰਿਟ ਨੂੰ ਇਕੱਲੀ ਸਿਉਂਕ ਨਹੀਂ, ਸਗੋਂ ਕਈ ਕੀੜੇ ਅਤੇ ਸੱਪ ਵੀ ਖਤਮ ਕਰਨ ਲੱਗੇ ਹੋਏ ਹਨ, ਜਿਵੇਂ ਦਰਵੇਸ਼ ਕਵੀ ਹਰਿੰਦਰ ਸਿੰਘ ਮਹਿਬੂਬ ਦਾ ਕਥਨ ਹੈ:
ਕੱਚਾ ਕੋਠਾ ਖਾਲਸਾ ਭੁਰ ਭੁਰ ਗਿਰੇਗਾ ਹੰਭ
ਦੀਮਕ, ਕੀੜੇ, ਸੱਪ ਦਾ, ਜੇਕਰ ਕਰੇਗਾ ਸੰਗ।
ਹੁਣ ਸਿੱਖ ਇਤਿਹਾਸ ਮੁੜ ਤੋਂ ਆਪਣੀਆਂ ਬੁਲੰਦੀਆਂ ਉਦੋਂ ਹੀ ਛੋਹ ਸਕੇਗਾ ਜਦੋਂ ਸਿੱਖਾਂ ਨੇ ਆਪਣੀ ਸਪਿਰਿਟ ਨੂੰ ਲੱਗੇ ਦੀਮਕਾਂ, ਕੀੜਿਆਂ ਤੇ ਸੱਪਾਂ ਦੀ ਪਛਾਣ ਕਰ ਲਈ ਅਤੇ ਉਹਨਾਂ ਨਾਲ ਸਿੱਝਣਾ ਸਿੱਖ ਲਿਆ।
-ਪ੍ਰਭਸ਼ਰਨਬੀਰ ਸਿੰਘ
ਤਸਵੀਰ: ਸੀਬੀਸੀ

ਅਦਾਰਾ ਸੀ 7 ਨਿਊਜ਼ ਵਿੱਚ ਲੇਖਕਾਂ ਦੁਆਰਾ ਲਗਵਾਈਆਂ ਜਾਂਦੀਆਂ ਕਵਿਤਾਵਾਂ, ਕਹਾਣੀਆਂ, ਲੇਖ ਆਦਿ ਲੇਖਕਾਂ ਦੇ ਨਿੱਜੀ ਵਿਚਾਰ ਹਨ ਇਸਦੇ ਨਾਲ ਅਦਾਰਾ ਸੀ 7 ਨਿਊਜ਼ ਦੇ ਐਡੀਟਰ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ

# ਕਿੰਨੀ ਛੋਟੀ ਜਿਹੀ ਹੈ ਨਾ ਇਹ ਜ਼ਿੰਦਗੀ... ਆਓ ਕੁਝ ਯਾਦਾਂ ਬਣਾ ਲਈਏ



ਕਦੇ ਇਕੱਲਿਆਂ ਬੈਠ ਕੇ ਸੋਚੀਏ ਤਾਂ ਲੱਗਦਾ ਹੈ ਕਿ ਇਹ ਜ਼ਿੰਦਗੀ ਕਿੰਨੀ ਛੋਟੀ ਜਿਹੀ ਹੈ ਨਾ? ਪਾਣੀ ਦੇ ਬੁਲਬੁਲੇ ਵਰਗੀ... ਅੱਜ ਸਾਹ ਚੱਲ ਰਹੇ ਨੇ, ਕੱਲ੍ਹ ਦਾ ਕੋਈ ਭਰੋਸਾ ਨਹੀਂ। ਫਿਰ ਵੀ ਅਸੀਂ ਇਸ ਚਾਰ ਦਿਨਾਂ ਦੀ ਖੇਡ ਵਿੱਚ ਕਿੰਨਾ ਕੁਝ ਦਿਲ 'ਤੇ ਲਾਈ ਫਿਰਦੇ ਹਾਂ। ਅਸਲ ਵਿੱਚ, ਜ਼ਿੰਦਗੀ ਦਾ ਸੱਚਾ ਸਕੂਨ ਵੱਡੀਆਂ-ਵੱਡੀਆਂ ਕਾਮਯਾਬੀਆਂ ਜਾਂ ਬੈਂਕ ਬੈਲੇਂਸ ਵਿੱਚ ਨਹੀਂ, ਸਗੋਂ 'ਆਪਣਿਆਂ ਦੇ ਮੇਲ-ਮਿਲਾਪ' ਵਿੱਚ ਹੈ। ਜਦੋਂ ਅਸੀਂ ਚਾਰ ਯਾਰ-ਦੋਸਤ ਜਾਂ ਰਿਸ਼ਤੇਦਾਰ ਰਲ ਕੇ ਬੈਠਦੇ ਹਾਂ, ਹੱਸਦੇ-ਖੇਡਦੇ ਹਾਂ, ਇੱਕ-ਦੂਜੇ ਦੇ ਮਨ ਦੀਆਂ ਪਰਤਾਂ ਫਰੋਲਦੇ ਹਾਂ... ਤਾਂ ਲੱਗਦਾ ਹੈ ਜਿਵੇਂ ਸਾਰੀ ਉਮਰ ਦੀ ਥਕਾਵਟ ਲਹਿ ਗਈ ਹੋਵੇ। ਕਿਸੇ ਦੇ ਮੋਢੇ 'ਤੇ ਸਿਰ ਰੱਖ ਕੇ ਰੋ ਲੈਣ ਜਾਂ ਕਿਸੇ ਦੀ ਹਿੱਕ ਨਾਲ ਲੱਗ ਕੇ ਖੁੱਲ੍ਹ ਕੇ ਹੱਸ ਲੈਣ ਦਾ ਅਹਿਸਾਸ, ਦੁਨੀਆ ਦੀ ਹਰ ਦੌਲਤ ਤੋਂ ਮਹਿੰਗਾ ਹੈ।

ਰਿਸ਼ਤਿਆਂ ਵਿੱਚ ਮਿਠਾਸ ਕੋਈ ਬਾਜ਼ਾਰੋਂ ਖਰੀਦੀ ਹੋਈ ਚੀਜ਼ ਨਹੀਂ ਹੁੰਦੀ। ਇਹ ਤਾਂ ਉਦੋਂ ਆਉਂਦੀ ਹੈ ਜਦੋਂ ਅਸੀਂ ਦੂਜੇ ਦੀਆਂ ਭਾਵਨਾਵਾਂ ਦੀ ਕਦਰ ਕਰਦੇ ਹਾਂ। ਪਰ ਸੱਚ ਦੱਸਾਂ? ਸਾਡੇ ਆਲੇ-ਦੁਆਲੇ ਕੁਝ ਅਜਿਹੇ ਲੋਕ ਵੀ ਹੁੰਦੇ ਨੇ, ਜੋ ਤੁਹਾਡੇ ਕੋਲੋਂ ਤਾਂ ਸਭ ਕੁਝ ਲੈਣਾ ਚਾਹੁੰਦੇ ਨੇ, ਪਰ ਜਦੋਂ ਤੁਹਾਨੂੰ ਲੋੜ ਪੈਂਦੀ ਹੈ, ਤਾਂ ਉਹ ਇੰਝ ਪਾਸਾ ਵੱਟ ਲੈਂਦੇ ਨੇ ਜਿਵੇਂ ਕਦੇ ਜਾਣਦੇ ਹੀ ਨਾ ਹੋਣ। ਜਦੋਂ ਅਸੀਂ ਕਿਸੇ ਲਈ ਦਿਨ-ਰਾਤ ਇੱਕ ਕਰ ਦਿੰਦੇ ਹਾਂ, ਆਪਣਾ ਸਭ ਕੁਝ ਛੱਡ ਕੇ ਉਹਨਾਂ ਦੇ ਕੰਮ ਆਉਂਦੇ ਹਾਂ, ਪਰ ਸਾਡੀ ਵਾਰੀ ਉਹ ਬਹਾਨੇ ਬਣਾਉਂਦੇ ਨੇ, ਤਾਂ ਦਿਲ ਬਹੁਤ ਬੁਰੀ ਤਰ੍ਹਾਂ ਟੁੱਟਦਾ ਹੈ। ਅਜਿਹੇ ਲੋਕਾਂ ਦੀ ਜੇਕਰ ਕਦੇ ਮਦਦ ਕਰਨੋਂ ਰਹਿ ਜਾਈਏ, ਤਾਂ ਉਹ ਅਸਮਾਨ ਸਿਰ 'ਤੇ ਚੁੱਕ ਲੈਂਦੇ ਨੇ, ਗਿਲੇ-ਸ਼ਿਕਵਿਆਂ ਦੇ ਪਹਾੜ ਖੜ੍ਹੇ ਕਰ ਦਿੰਦੇ ਨੇ। ਇਹ ਸੁਆਰਥੀਪਣ ਅੰਦਰੋਂ-ਅੰਦਰੀਂ ਰਿਸ਼ਤਿਆਂ ਦੀ ਜੜ੍ਹ ਵੱਢ ਦਿੰਦਾ ਹੈ।

ਕਦੇ-ਕਦੇ ਹੈਰਾਨੀ ਹੁੰਦੀ ਹੈ ਇਹ ਦੇਖ ਕੇ ਕਿ ਪੈਸੇ ਅਤੇ ਸੁਆਰਥ ਦੀ ਦੌੜ ਨੇ ਇਨਸਾਨ ਨੂੰ ਕਿੰਨਾ ਅੰਨ੍ਹਾ ਕਰ ਦਿੱਤਾ ਹੈ। ਲੋਕ ਚੰਗੇ-ਮਾੜੇ ਦਾ ਫ਼ਰਕ ਹੀ ਭੁੱਲ ਗਏ ਨੇ। ਆਪਣੇ ਬੈਂਕ ਖਾਤੇ ਭਰਨ ਲਈ, ਥੋੜ੍ਹੇ ਜਿਹੇ ਫ਼ਾਇਦੇ ਲਈ ਲੋਕ ਗ਼ਲਤ ਰਾਹ ਫੜ ਲੈਂਦੇ ਨੇ, ਠੱਗੀਆਂ ਮਾਰਦੇ ਨੇ ਤੇ ਦੂਜਿਆਂ ਦੇ ਹੱਕ ਮਾਰਨੋਂ ਵੀ ਗੁਰੇਜ਼ ਨਹੀਂ ਕਰਦੇ। ਪਰ ਅਜਿਹੇ ਲੋਕਾਂ ਨੂੰ ਕੋਈ ਪੁੱਛੇ—ਕੀ ਕਰੋਗੇ ਇੰਨਾ ਪੈਸਾ ਇਕੱਠਾ ਕਰਕੇ? ਕਿਸੇ ਦਾ ਹੱਸਦਾ-ਵੱਸਦਾ ਘਰ ਉਜਾੜ ਕੇ, ਕਿਸੇ ਦੇ ਮੂੰਹੋਂ ਬੁਰਕੀ ਖੋਹ ਕੇ ਜੇ ਦੌਲਤ ਦੇ ਪਹਾੜ ਖੜ੍ਹੇ ਕਰ ਵੀ ਲਏ... ਤਾਂ ਉਹ ਕਿਸ ਕੰਮ ਦੇ? ਅੰਤ ਵੇਲੇ ਤਾਂ ਇਹ ਸਭ ਇੱਥੇ ਹੀ ਧਰਿਆ ਰਹਿ ਜਾਣਾ ਹੈ। ਜਿਸ ਪੈਸੇ ਵਿੱਚ ਕਿਸੇ ਦੀਆਂ ਹਾਹਾਂ, ਬਦਦੁਆਵਾਂ ਜਾਂ ਗ਼ਰੀਬ ਦੇ ਹੰਝੂ ਰਲੇ ਹੋਣ, ਉਹ ਕਦੇ ਵੀ ਘਰ ਵਿੱਚ ਬਰਕਤ ਜਾਂ ਮਨ ਨੂੰ ਸਕੂਨ ਨਹੀਂ ਦੇ ਸਕਦਾ। ਖ਼ਾਲੀ ਹੱਥ ਆਏ ਸੀ ਤੇ ਖ਼ਾਲੀ ਹੱਥ ਹੀ ਜਾਣਾ ਹੈ, ਫਿਰ ਇਹ ਪਾਪ ਦੀ ਕਮਾਈ ਦਾ ਭਾਰ ਆਪਣੀ ਰੂਹ 'ਤੇ ਕਿਉਂ ਚੁੱਕਣਾ?

ਇੱਕ ਹੋਰ ਗੱਲ ਜੋ ਅਕਸਰ ਅਸੀਂ ਆਪਣੀ ਇਸੇ ਦੁਨਿਆਵੀ ਦੌੜ ਵਿੱਚ ਵਿਸਾਰ ਦਿੰਦੇ ਹਾਂ, ਉਹ ਹੈ ਆਪਣਿਆਂ ਨੂੰ 'ਸਮਾਂ ਦੇਣਾ' ਅਤੇ ਉਹਨਾਂ ਦੀ ਚੁੱਪ ਨੂੰ 'ਸੁਣਨਾ'। ਅੱਜ-ਕੱਲ੍ਹ ਹਰ ਇਨਸਾਨ ਆਪਣੇ ਅੰਦਰ ਇੱਕ ਅਜਿਹੀ ਜੰਗ ਲੜ ਰਿਹਾ ਹੈ ਜਿਸ ਬਾਰੇ ਬਾਹਰ ਕਿਸੇ ਨੂੰ ਕੁਝ ਨਹੀਂ ਪਤਾ ਹੁੰਦਾ। ਕਈ ਵਾਰ ਸਾਡੇ ਆਪਣੇ ਹੀ ਸਾਡੇ ਸਾਹਮਣੇ ਹੱਸ ਰਹੇ ਹੁੰਦੇ ਨੇ, ਪਰ ਅੰਦਰੋਂ ਉਹ ਪੂਰੀ ਤਰ੍ਹਾਂ ਟੁੱਟ ਚੁੱਕੇ ਹੁੰਦੇ ਨੇ। ਅਸੀਂ ਆਪਣੇ ਰੁਝੇਵਿਆਂ ਵਿੱਚ ਇੰਨੇ ਗੁਆਚ ਗਏ ਹਾਂ ਕਿ ਸਾਡੇ ਕੋਲ ਆਪਣੇ ਬਜ਼ੁਰਗਾਂ, ਬੱਚਿਆਂ ਜਾਂ ਜੀਵਨ ਸਾਥੀ ਕੋਲ ਦੋ ਘੜੀ ਬੈਠ ਕੇ ਇਹ ਪੁੱਛਣ ਦਾ ਵਕਤ ਹੀ ਨਹੀਂ ਰਿਹਾ ਕਿ, "ਦੱਸ, ਤੂੰ ਅੰਦਰੋਂ ਠੀਕ ਤਾਂ ਹੈਂ ਨਾ?" ਜਦੋਂ ਕੋਈ ਆਪਣਾ ਸਾਨੂੰ ਹਮੇਸ਼ਾ ਲਈ ਛੱਡ ਕੇ ਤੁਰ ਜਾਂਦਾ ਹੈ, ਤਾਂ ਸਭ ਤੋਂ ਵੱਧ ਪਛਤਾਵਾ ਇਸੇ ਗੱਲ ਦਾ ਹੁੰਦਾ ਹੈ ਕਿ 'ਕਾਸ਼! ਮੈਂ ਉਸ ਨਾਲ ਥੋੜ੍ਹਾ ਹੋਰ ਵਕਤ ਬਿਤਾ ਲਿਆ ਹੁੰਦਾ... ਕਾਸ਼! ਮੈਂ ਉਸਦੇ ਮਨ ਦਾ ਭਾਰ ਹਲਕਾ ਕਰ ਸਕਦਾ।' ਯਾਦ ਰੱਖਿਓ, ਕਈ ਵਾਰ ਕਿਸੇ ਦੁਖੀ ਇਨਸਾਨ ਨੂੰ ਤੁਹਾਡੇ ਪੈਸੇ ਜਾਂ ਵੱਡੀ ਮਦਦ ਦੀ ਲੋੜ ਨਹੀਂ ਹੁੰਦੀ, ਬਸ ਇੱਕ ਪਿਆਰ ਭਰੀ ਜੱਫ਼ੀ ਅਤੇ ਇਹ ਅਹਿਸਾਸ ਚਾਹੀਦਾ ਹੁੰਦਾ ਹੈ ਕਿ "ਫ਼ਿਕਰ ਨਾ ਕਰ, ਮੈਂ ਤੇਰੇ ਨਾਲ ਖੜ੍ਹਾ ਹਾਂ।" ਇਹ ਨਿੱਕਾ ਜਿਹਾ ਅਹਿਸਾਸ ਕਿਸੇ ਨੂੰ ਜ਼ਿੰਦਗੀ ਤੋਂ ਹਾਰਨ ਤੋਂ ਬਚਾ ਸਕਦਾ ਹੈ।

ਪਰ ਯਾਰ, ਕਿਸੇ ਦੇ ਮਾੜੇ ਹੋਣ ਕਰਕੇ ਜਾਂ ਦੁਨੀਆ ਦੀ ਭੀੜ ਦੇਖ ਕੇ ਅਸੀਂ ਆਪਣੀ ਇਨਸਾਨੀਅਤ ਕਿਉਂ ਛੱਡੀਏ? ਜਦੋਂ ਕੋਈ ਮੁਸੀਬਤ ਵਿੱਚ ਹੁੰਦਾ ਹੈ, ਤਾਂ ਉਹ ਰੱਬ ਵੱਲ ਦੇਖਦਾ ਹੈ, ਅਤੇ ਕਈ ਵਾਰ ਰੱਬ ਸਾਡੇ ਰਾਹੀਂ ਉਸਦੀ ਮਦਦ ਕਰਦਾ ਹੈ। ਕਿਸੇ ਦੁਖੀ ਨੂੰ ਦੇਖ ਕੇ ਸਾਡਾ ਦਿਲ ਪਸੀਜਣਾ ਚਾਹੀਦਾ ਹੈ। ਕਿਸੇ ਡੁੱਬਦੇ ਨੂੰ ਸਹਾਰਾ ਦੇਣ ਵੇਲੇ ਜਦੋਂ ਸਾਹਮਣੇ ਵਾਲੇ ਦੀਆਂ ਅੱਖਾਂ ਵਿੱਚੋਂ ਧੰਨਵਾਦ ਦੇ ਹੰਝੂ ਡਿੱਗਦੇ ਨੇ, ਤਾਂ ਉਹ ਸਕੂਨ ਸਿੱਧਾ ਸਾਡੀ ਰੂਹ ਤੱਕ ਜਾਂਦਾ ਹੈ। ਸਾਨੂੰ ਆਪਣੇ ਵੱਲੋਂ ਹਮੇਸ਼ਾ ਮਦਦ ਲਈ ਹੱਥ ਅੱਗੇ ਵਧਾਉਣਾ ਚਾਹੀਦਾ ਹੈ, ਬਿਨਾਂ ਇਹ ਸੋਚੇ ਕਿ ਉਹ ਬਦਲੇ ਵਿੱਚ ਕੀ ਕਰੇਗਾ। ਅਖ਼ੀਰ ਵਿੱਚ ਘੁੰਮ-ਫਿਰ ਕੇ ਗੱਲ ਉੱਥੇ ਹੀ ਆਉਂਦੀ ਹੈ—ਜੋ ਅਸੀਂ ਇਸ ਦੁਨੀਆ ਵਿੱਚ ਬੀਜਾਂਗੇ, ਉਹੀ ਸੂਦ ਸਮੇਤ ਵਾਪਸ ਵੱਢਾਂਗੇ। ਇਹ ਕੁਦਰਤ ਦਾ ਅਟੱਲ ਨਿਯਮ ਹੈ। ਪਿਆਰ ਵੰਡੋਗੇ ਤਾਂ ਹਵਾਵਾਂ ਵੀ ਪਿਆਰ ਦੀਆਂ ਚੱਲਣਗੀਆਂ, ਮਦਦ ਲਈ ਹੱਥ ਵਧਾਓਗੇ ਤਾਂ ਤੁਹਾਡੇ ਡਿੱਗਣ ਤੋਂ ਪਹਿਲਾਂ ਸੌ ਹੱਥ ਤੁਹਾਨੂੰ ਬੋਚਣ ਲਈ ਤਿਆਰ ਰਹਿਣਗੇ। ਅਤੇ ਜੇ ਨਫ਼ਰਤ, ਧੋਖਾ ਜਾਂ ਬੇਈਮਾਨੀ ਦਿਓਗੇ, ਤਾਂ ਉਹੀ ਕਿਸੇ ਨਾ ਕਿਸੇ ਮੋੜ 'ਤੇ ਤੁਹਾਡੀ ਉਡੀਕ ਕਰ ਰਿਹਾ ਹੋਵੇਗਾ। ਇਸ ਛੋਟੀ ਜਿਹੀ ਜ਼ਿੰਦਗੀ ਨੂੰ ਹਉਮੈ, ਬੇਈਮਾਨੀਆਂ ਜਾਂ ਸ਼ਿਕਵਿਆਂ ਵਿੱਚ ਕਿਉਂ ਗੁਆਉਣਾ? ਇੱਕ-ਦੂਜੇ ਦੀ ਇੱਜ਼ਤ ਕਰੀਏ, ਔਖੇ ਵੇਲੇ ਇੱਕ-ਦੂਜੇ ਦੇ ਕੰਮ ਆਈਏ ਤੇ ਜਾਂਦੇ-ਜਾਂਦੇ ਕੁਝ ਅਜਿਹੀਆਂ ਪਿਆਰੀਆਂ ਪੈੜਾਂ ਛੱਡ ਜਾਈਏ ਕਿ ਪਿੱਛੋਂ ਲੋਕ ਯਾਦ ਕਰਕੇ ਕਹਿਣ—"ਵਾਕਈ, ਬੰਦਾ ਬਹੁਤ ਚੰਗਾ ਸੀ।"

**ਐਤਵਾਰ—2(ਕਲਮ ਦੀ ਤਾਕਤ)** ਕੋਈ ਆਉਣ ਲਈ ਰਾਜ਼ੀ ਹੀ ਨਾ ਹੋਇਆ ਅਤੇ ਉਹ ਇਕੱਲਾ ਭੋਜਨ ਨਹੀਂ ਸੀ ਕਰਦਾ; ਉਹ ਹਮੇਸ਼ਾ ਕਿਸੇ ਨਾਲ ਮਿਲ-ਵੰਡ ਕੇ ਹੀ ਭੋਜਨ ਕਰਦਾ ਸੀ।

# ਇੱਕ ਸੂਫ਼ੀ ਫ਼ਕੀਰ ਦੀ ਹਮੇਸ਼ਾ ਦੀ ਆਦਤ ਸੀ ਕਿ ਉਹ ਕਦੇ ਇਕੱਲਾ ਭੋਜਨ ਨਹੀਂ ਕਰਦਾ ਸੀ।

ਇੱਕ ਸੂਫ਼ੀ ਫ਼ਕੀਰ ਦੀ ਹਮੇਸ਼ਾ ਦੀ ਆਦਤ ਸੀ ਕਿ ਉਹ ਕਦੇ ਇਕੱਲਾ ਭੋਜਨ ਨਹੀਂ ਕਰਦਾ ਸੀ। ਉਹ ਹਮੇਸ਼ਾ ਕਿਸੇ ਨਾ ਕਿਸੇ ਨੂੰ ਸੱਦਾ ਦੇ ਦਿੰਦਾ ਸੀ ਜਾਂ ਬੁਲਾ ਲਿਆਉਂਦਾ ਸੀ ਪਰ ਇੱਕ ਦਿਨ ਅਜਿਹਾ ਹੋਇਆ ਕਿ ਉਸ ਨੇ ਬਹੁਤ ਲੱਭਿਆ ਪਰ ਕੋਈ ਮਿਲਿਆ ਹੀ ਨਾ; ਜਾਂ ਤਾਂ ਲੋਕ ਭੋਜਨ ਕਰ ਚੁੱਕੇ ਸਨ, ਜਾਂ ਫਿਰ ਭੋਜਨ ਕਰਨ ਜਾ ਰਹੇ ਸਨ, ਜਾਂ ਕਿਤੇ ਹੋਰ ਸੱਦੇ ਗਏ ਸਨ।

ਕੋਈ ਆਉਣ ਲਈ ਰਾਜ਼ੀ ਹੀ ਨਾ ਹੋਇਆ ਅਤੇ ਉਹ ਇਕੱਲਾ ਭੋਜਨ ਨਹੀਂ ਸੀ ਕਰਦਾ; ਉਹ ਹਮੇਸ਼ਾ ਕਿਸੇ ਨਾਲ ਮਿਲ-ਵੰਡ ਕੇ ਹੀ ਭੋਜਨ ਕਰਦਾ ਸੀ।

ਉਸ ਨੇ ਸੋਚਿਆ ਕਿ ਅੱਜ ਭੁੱਖਾ ਹੀ ਰਹਿਣਾ ਪਵੇਗਾ, ਉਦੋਂ ਹੀ ਬੂਹੇ 'ਤੇ ਇੱਕ ਬੁੱਢੇ ਆਦਮੀ ਨੇ ਦਸਤਕ ਦਿੱਤੀ ਅਤੇ ਕਿਹਾ, "ਮੈਂ ਬਹੁਤ ਭੁੱਖਾ ਹਾਂ, ਕੀ ਕੁਝ ਖਾਣ ਨੂੰ ਮਿਲ ਸਕਦਾ ਹੈ?"

ਉਸ ਨੇ ਕਿਹਾ, "ਧੰਨ ਭਾਗ ਮੇਰੇ! ਆਓ, ਮੈਂ ਉਡੀਕ ਹੀ ਕਰ ਰਿਹਾ ਸੀ। ਜ਼ਰੂਰ ਤੁਹਾਨੂੰ ਅੱਲ੍ਹਾ ਨੇ ਹੀ ਭੇਜਿਆ ਹੋਵੇਗਾ, ਉਸ ਦੀ ਮਿਹਰ ਬੇਅੰਤ ਹੈ।"

ਉਸ ਨੇ ਮਹਿਮਾਨ ਨੂੰ ਬਿਠਾਇਆ, ਥਾਲੀ ਸਜਾਈ ਅਤੇ ਭੋਜਨ ਪਰੋਸ ਦਿੱਤਾ। ਮਹਿਮਾਨ ਭੋਜਨ ਸ਼ੁਰੂ ਕਰਨ ਹੀ ਵਾਲਾ ਸੀ ਕਿ ਫ਼ਕੀਰ ਨੇ ਦੇਖਿਆ ਕਿ ਇਸ ਨੇ ਤਾਂ ਅੱਲ੍ਹਾ ਦਾ ਨਾਮ ਹੀ ਨਹੀਂ ਲਿਆ। ਭੋਜਨ ਤੋਂ ਪਹਿਲਾਂ ਅੱਲ੍ਹਾ ਦਾ ਨਾਮ ਤਾਂ ਲੈਣਾ ਚਾਹੀਦਾ ਹੈ, ਪ੍ਰਾਰਥਨਾ ਤਾਂ ਕਰਨੀ ਚਾਹੀਦੀ ਹੈ।

ਉਸ ਨੇ ਉਸਦਾ ਹੱਥ ਫੜ ਲਿਆ। ਇਸ ਤੋਂ ਪਹਿਲਾਂ ਕਿ ਉਹ ਬੁਰਕੀ ਮੂੰਹ ਵਿੱਚ ਪਾਉਂਦਾ, ਫ਼ਕੀਰ ਨੇ ਕਿਹਾ— "ਰੁਕੋ! ਅੱਲ੍ਹਾ ਦਾ ਨਾਮ ਨਹੀਂ ਲਿਆ?" ਉਸ ਆਦਮੀ ਨੇ ਕਿਹਾ, "ਮੈਂ ਅੱਲ੍ਹਾ ਆਦਿ ਵਿੱਚ ਭਰੋਸਾ ਨਹੀਂ ਰੱਖਦਾ। ਕੋਈ ਅੱਲ੍ਹਾ ਹੈ ਹੀ ਨਹੀਂ, ਤਾਂ ਮੈਂ ਨਾਮ ਕਿਉਂ ਲਵਾਂ?"

ਸੂਫ਼ੀ ਫ਼ਕੀਰ ਨੇ ਕਿਹਾ, "ਫਿਰ ਤੁਸੀਂ ਭੋਜਨ ਨਹੀਂ ਕਰ ਸਕਦੇ, ਤੁਸੀਂ ਕਾਫ਼ਿਰ ਹੋ।"

ਤਾਂ ਉਸ ਬੁੱਢੇ ਆਦਮੀ ਨੇ ਕਿਹਾ ਕਿ ਠੀਕ ਹੈ ਅਤੇ ਉਹ ਭੋਜਨ ਛੱਡ ਕੇ ਖੜ੍ਹਾ ਹੋ ਗਿਆ।

ਅਤੇ ਉਦੋਂ ਹੀ ਅਚਾਨਕ ਅੱਲ੍ਹਾ ਦੀ ਆਵਾਜ਼ ਉਸ ਫ਼ਕੀਰ ਨੂੰ ਸੁਣਾਈ ਦਿੱਤੀ— "ਓਇ ਪਾਗਲ! ਮੈਂ ਇਸ ਆਦਮੀ ਨੂੰ ਸੱਤਰ ਸਾਲਾਂ ਤੋਂ ਭੋਜਨ ਦੇ ਰਿਹਾ ਹਾਂ ਅਤੇ ਚਾਹੇ ਇਸ ਨੇ ਇੱਕ ਵਾਰ ਵੀ ਮੇਰਾ ਨਾਮ ਨਹੀਂ ਲਿਆ, ਮੈਨੂੰ ਕੋਈ ਫ਼ਰਕ ਨਹੀਂ ਪਿਆ ਤੇ ਤੂੰ ਇਸਦੇ ਮੂੰਹ ਚ ਪੈਣ ਵਾਲੀ ਬੁਰਕੀ ਵਾਲਾ ਵਧਿਆ ਹੋਇਆ ਹੱਥ ਫੜ ਲਿਆ!"

"ਇਹ ਭੁੱਖਾ ਹੈ, ਬੁੱਢਾ ਹੈ, ਲੋੜਵੰਦ ਹੈ ਅਤੇ ਇਸਨੂੰ ਭੋਜਨ ਖਵਾਉਣ ਲਈ ਵੀ ਸ਼ਰਤ? ਭੋਜਨ ਵਿੱਚ ਵੀ ਤੂੰ ਸ਼ਰਤ ਲਗਾ ਦਿੱਤੀ? ਪ੍ਰੇਮ ਵਿੱਚ ਕੋਈ ਸ਼ਰਤ ਨਹੀਂ ਹੁੰਦੀ। ਤੈਨੂੰ ਤਾਂ ਸ਼ੁਕਰਗੁਜ਼ਾਰ ਹੋਣਾ ਚਾਹੀਦਾ ਸੀ ਕਿ ਇਸ ਨੇ ਤੇਰਾ ਸੱਦਾ ਸਵੀਕਾਰ ਕੀਤਾ। ਸ਼ੁਕਰਗੁਜ਼ਾਰ ਹੋਣਾ ਤਾਂ ਦੂਰ ਰਿਹਾ, ਤੂੰ ਤਾਂ ਇਸ 'ਤੇ ਸ਼ਰਤ ਥੋਪਣ ਲੱਗ ਪਿਆ। ਤੇਰੇ ਨਾਲੋਂ ਤਾਂ ਇਹ ਬੁੱਢਾ ਬਿਹਤਰ ਹੈ; ਇਹ ਭੁੱਖਾ ਰਹਿਣ ਲਈ ਤਿਆਰ ਹੈ ਪਰ ਆਪਣੇ ਅਸੂਲਾਂ ਦੇ ਖਿਲਾਫ਼ ਜਾਣ ਲਈ ਤਿਆਰ ਨਹੀਂ।



ਅਤੇ ਜਿਸ ਨੂੰ ਮੈਂ ਸੱਤਰ ਸਾਲਾਂ ਤੋਂ ਭੋਜਨ ਕਰਵਾ ਰਿਹਾ ਹਾਂ, ਤੂੰ ਉਸ ਨੂੰ ਇੱਕ ਦਿਨ ਭੋਜਨ ਨਹੀਂ ਕਰਵਾ ਸਕਿਆ।"ਇਹ ਭੁੱਖਾ ਰਹਿਣ ਲਈ ਤਿਆਰ ਹੈ ਪਰ ਆਪਣੇ ਅਸੂਲਾਂ ਦੇ ਖਿਲਾਫ਼ ਜਾਣ ਲਈ ਤਿਆਰ ਨਹੀਂ। ਅਤੇ ਜਿਸ ਨੂੰ ਮੈਂ ਸੱਤਰ ਸਾਲਾਂ ਤੋਂ ਭੋਜਨ ਕਰਵਾ ਰਿਹਾ ਹਾਂ, ਤੂੰ ਉਸ ਨੂੰ ਇੱਕ ਦਿਨ ਭੋਜਨ ਨਹੀਂ ਕਰਵਾ ਸਕਿਆ।"

ਫ਼ਕੀਰ ਉਸ ਬੁੱਢੇ ਦੇ ਚਰਨੀਂ ਡਹਿ ਪਿਆ ਅਤੇ ਕਹਿਣ ਲੱਗਾ, "ਬੈਠੋ, ਤੁਸੀਂ ਭੋਜਨ ਕਰੋ, ਮੈਥੋਂ ਭੁੱਲ ਹੋਈ ਸੀ। ਅੱਲ੍ਹਾ ਦੇ ਨਾਮ 'ਤੇ ਸ਼ਰਤ ਨਹੀਂ ਲਗਾਈ ਜਾ ਸਕਦੀ। ਅੱਲ੍ਹਾ ਬਿਨਾਂ ਕਿਸੇ ਸ਼ਰਤ ਦੇ ਹੈ। ਉਸ ਦੀ ਕਿਰਪਾ ਅਤੇ ਰਹਿਮਤ ਸਾਡੀ ਕਿਸੇ ਯੋਗਤਾ ਕਰਕੇ ਨਹੀਂ ਹੁੰਦੀ, ਉਸ ਦੀ ਰਹਿਮਤ ਉਸ ਦਾ ਸੁਭਾਅ ਹੈ, ਸਾਡਾ ਸਵਾਲ ਨਹੀਂ ਹੈ।"

ਗੁਲਾਬ ਦਾ ਫੁੱਲ ਗੁਲਾਬ ਦੀ ਖੁਸ਼ਬੂ ਦੇਵੇਗਾ, ਜੂਹੀ ਦਾ ਫੁੱਲ ਜੂਹੀ ਦੀ ਖੁਸ਼ਬੂ ਦੇਵੇਗਾ; ਉਹ ਇਹ ਫ਼ਿਕਰ ਨਹੀਂ ਕਰਦਾ ਕਿ ਕੋਲੋਂ ਲੰਘਣ ਵਾਲਾ ਇਸ ਦੇ ਕਾਬਲ ਹੈ ਜਾਂ ਨਹੀਂ। ਸੂਰਜ ਨਿਕਲੇਗਾ ਤਾਂ ਰੋਸ਼ਨੀ ਹੋਵੇਗੀ— ਆਸਤਿਕ ਲਈ ਵੀ ਅਤੇ ਨਾਸਤਿਕ ਲਈ ਵੀ, ਸਾਧੂ ਲਈ ਵੀ ਅਤੇ ਅਸਾਧੂ ਲਈ ਵੀ। ਇਹ ਸੂਰਜ ਦਾ ਸੁਭਾਅ ਹੈ, ਉਹ ਕੋਈ ਸ਼ਰਤ ਨਹੀਂ ਰੱਖਦਾ ਕਿ ਨਾਸਤਿਕ ਲਈ ਹਨੇਰਾ ਰਹੇਗਾ ਅਤੇ ਆਸਤਿਕ ਲਈ ਦਿਨ ਹੋ ਜਾਵੇਗਾ।

ਪਰਮਾਤਮਾ ਦਾ ਪ੍ਰੇਮ ਬੇਸ਼ਰਤ ਹੁੰਦਾ ਹੈ; ਉਹ ਕੋਈ ਸ਼ਰਤ ਲਗਾ ਕੇ ਜਾਂ ਕਿਸੇ ਵਜ੍ਹਾ ਕਰਕੇ ਨਹੀਂ ਦਿੰਦਾ। ਉਸਦਾ ਪਿਆਰ, ਉਸਦੀ ਰਹਿਮਤ ਸਾਰੀ ਕਾਇਨਾਤ ਲਈ ਇੱਕਸਾਰ ਬਰਸ ਰਹੀ ਹੈ।

— ਓਸ਼ੋ 🍀 (ਅਨੁਵਾਦ: #ਮੀਤ_ਅਨਮੋਲ)

# "ਮਤਲਬ ਦੀ ਕੰਧ ਏਨੀ ਉੱਚੀ ਨਹੀਂ ਉਸਾਰ ਲੈਣੀ ਚਾਹੀਦੀ ਕਿ ਜਦੋਂ ਕਦੇ ਫਿਰ ਕਿਸੇ ਦੀ ਲੋੜ੍ਹ ਪਵੇ ਤਾਂ ਉਹ ਟੱਪੀ ਹੀ ਨਾ ਜਾਵੇ।"



"ਮਤਲਬ ਦੀ ਕੰਧ ਏਨੀ ਉੱਚੀ ਨਹੀਂ ਉਸਾਰ ਲੈਣੀ ਚਾਹੀਦੀ ਕਿ ਜਦੋਂ ਕਦੇ ਫਿਰ ਕਿਸੇ ਦੀ ਲੋੜ੍ਹ ਪਵੇ ਤਾਂ ਉਹ ਟੱਪੀ ਹੀ ਨਾ ਜਾਵੇ।" ਹਰ ਇਨਸਾਨ ਨੂੰ ਕਿਸੇ ਦੂਸਰੇ ਇਨਸਾਨ ਦੀ ਲੋੜ ਜਰੂਰ ਪੈਂਦੀ ਹੈ, ਇਨਸਾਨ ਇੱਕ ਸਮਾਜਿਕ ਜੀਵ ਹੋਣ ਨਾਤੇ , ਆਪਣੀਆਂ ਲੋੜਾਂ ਲਈ ਇੱਕ ਦੂਜੇ ਨਾਲ ਜੁੜਿਆ ਹੁੰਦਾ ਹੈ ਅਤੇ ਇੱਕ ਦੂਜੇ ਉੱਤੇ ਨਿਰਭਰ ਵੀ ਕਰਦਾ ਹੈ ਇਹਨਾਂ ਲੋੜਾਂ ਦੀ ਪੂਰਤੀ ਲਈ ਇੱਕ ਦੂਜੇ ਦੇ ਕੰਮ ਆਉਣਾ ਚੰਗੀ ਗੱਲ ਹੈ ਅੱਜ ਤੁਹਾਨੂੰ ਲੋੜ ਹੈ ਅਗਲੇ ਨੇ ਪੂਰੀ ਕਰ ਦਿੱਤੀ ਕੱਲ੍ਹ ਨੂੰ ਅਗਲੇ ਨੂੰ ਤੁਹਾਡੀ ਲੋੜ ਹੋਵੇਗੀ ਤਾਂ ਤੁਹਾਡਾ ਫਰਜ਼ ਅਗਲੇ ਦੇ ਕੰਮ ਆਉਣਾ ਹੈ ,ਪਰ ਕਦੇ ਵੀ ਇਹ ਲੋੜਾਂ ਖੁਦਗਰਜ਼ੀ ,ਲਾਲਚ ਅਤੇ ਮਤਲਬ ਵਿੱਚ ਨਹੀਂ ਬਦਲਣੀਆਂ ਚਾਹੀਦੀਆਂ ਕਿ ਅਸੀਂ ਮਤਲਬ ਦੀ ਕੰਧ ਨੂੰ ਏਨ੍ਹੀ ਉੱਚੀ ਉਸਾਰ ਲਈਏ ਕਿ ਜਦੋਂ ਕਿਸੇ ਦੀ ਫਿਰ ਲੋੜ ਪਵੇ ਤਾਂ ਉਹ ਕੰਧ ਸਾਥੋਂ ਟੱਪੀ ਹੀ ਨਾ ਜਾਵੇ । ਇਸ ਲਈ ਰਿਸ਼ਤੇ ਨਾਤੇ ,ਸਾਂਝਾਂ ਇੱਕ ਦੂਜੇ ਦੇ ਕੰਮ ਆਉਣ ਲਈ ਇੱਕ ਦੂਜੇ ਦਾ ਸਾਥ ਦੇਣ ਲਈ ਹੋਣ ਨਾ ਕਿ ਖੁਦਗਰਜ਼ੀ ਅਤੇ ਮਤਲਬ ਮਨ ਵਿੱਚ ਏਨਾ ਭਰ ਜਾਵੇ ਕਿ ਜਿੰਨਾਂ ਚਿਰ ਅਗਲੇ ਨੂੰ ਵਰਤਣਾ ਹੋਇਆ ਵਰਤਿਆ ਤੇ ਫਿਰ ਐਸੀ ਉਡਾਰੀ ਮਾਰੋ ਕਿ ਨਜ਼ਰਾਂ ਵੀ ਮਿਲਾਉਣ ਜੋਗੇ ਨਾ ਰਹੋ। Use and throw ਵਾਲੀ ਸੋਚ ਬਹੁਤ ਘਟੀਆ ਸੋਚ ਹੁੰਦੀ ਹੈ।ਇਨਸਾਨ ਦਾ ਮਤਲਬਪ੍ਰਸਤ ਅਤੇ ਖੁਦਗਰਜ਼ ਹੋਣਾ ਬਹੁਤ ਮਾੜਾ ਹੁੰਦਾ ਹੈ। ਇਹੋ ਜਿਹੇ ਇਨਸਾਨ ਦਾ ਭੇਦ ਬਹੁਤ ਜਲਦ ਖੁੱਲ੍ਹ ਜਾਂਦਾ ਹੈ ਫਿਰ ਇਹੋ ਜਿਹੇ ਲੋਕ ਆਪਣਾ ਇਤਬਾਰ ਗੁਵਾ ਬੈਠਦੇ ਹਨ। ਇਹੋ ਜਿਹੇ ਲੋਕਾਂ ਦੀ ਵਜ੍ਹਾ ਕਰਕੇ ਤੇ ਇਨਸਾਨ ਹੁਣ ਥੋੜ੍ਹੀ ਕੀਤੇ ਕਿਸੇ ਤੇ ਯਕੀਨ ਨਹੀਂ ਕਰਦਾ ਤਾਂ ਹੀ ਚੰਗੇ ਬੰਦੇ ਨੂੰ ਪਰਖ ਦੀ ਕਸਵੱਟੀ ਵਿੱਚੋਂ ਗੁਜਰਨਾ ਪੈਂਦਾ ਹੈ। ਕਿਸੇ ਨੇ ਬੜਾ ਸੋਹਣਾ ਕਿਹਾ ਹੈ,"ਕੁਝ ਲੋਕ ਤੁਹਾਨੂੰ ਓਨਾ ਹੀ ਪਿਆਰ ਕਰਨਗੇ ਜਿੰਨਾ ਉਹ ਤੁਹਾਨੂੰ ਵਰਤ ਸਕਦੇ ਹਨ। ਉਨ੍ਹਾਂ ਦੀ ਵਫ਼ਾਦਾਰੀ ਉੱਥੇ ਖਤਮ ਹੋ ਜਾਂਦੀ ਹੈ ਜਿੱਥੇ ਫਾਇਦੇ ਖਤਮ ਹੁੰਦੇ ਹਨ।"

✍️ਹਰਵਿੰਦਰ ਕੌਰ ਕਾਹਲੋਂ

# ਦੋ ਆਂਖੇਂ ਬਾਰਹ ਹਾਥ, ਇਹ ਤੁਸੀਂ ਵੀ ਬਹੁਤ ਵਾਰ ਸੁਣਿਆ ਹੋਣਾ ਪਰ ਕੀ ਤੁਸੀਂ ਕਦੀ ਅਜਿਹਾ ਜੀਵ ਦੇਖਿਆ?।



ਦੋ ਆਂਖੇਂ ਬਾਰਹ ਹਾਥ, ਇਹ ਤੁਸੀਂ ਵੀ ਬਹੁਤ ਵਾਰ ਸੁਣਿਆ ਹੋਣਾ ਪਰ ਕੀ ਤੁਸੀਂ ਕਦੀ ਅਜਿਹਾ ਜੀਵ ਦੇਖਿਆ?। ਲੱਗਦਾ ਹੈ ਕਿ ਹਰੇਕ ਵਿਭਾਗ ਨੂੰ ਗਲਤ ਫਹਿਮੀ ਹੋ ਗਈ ਹੈ ਕਿ ਅਧਿਆਪਕਾਂ ਦੀਆਂ ਅੱਖਾਂ ਦੋ ਹਨ ਤੇ ਹੱਥ ਬਾਰਹ। ਇੱਕ ਪਾਸੇ ਨਵਾਂ ਦਾਖਲਾ ਚੱਲ ਰਿਹਾ ਹੈ ਦੂਜੇ ਪਾਸੇ ਪੇਪਰ ਮਾਰਕਿੰਗ ਇਸ ਦੇ ਨਾਲ ਹੀ ਸਮਰੱਥ ਮਿਸ਼ਨ ਵੀ ਟੈਸਟਿੰਗ ਵੀ ਸ਼ੁਰੂ ਹੋ ਗਈ। ਇਸ ਸਭ ਦੇ ਨਾਲ ਨਾਲ ਜਨਗਣਨਾ ਦੀਆਂ ਡਿਊਟੀ ਵੀ ਆ ਗਈਆਂ। ਅਧਿਆਪਕ ਦੇ ਸਿਰ ਤੇ ਹਰ ਵੇਲੇ ਕੋਈ ਨਾ ਕੋਈ ਤਲਵਾਰ ਟੰਗੀ ਰਹਿੰਦੀ ਹੈ। ਕਿਤੇ ਉਸ ਨੂੰ ਦਾਖਲਾ ਵਧਾਉਣ ਦੀ ਚਿੰਤਾ ਹੈ ਕਿਤੇ ਸਿਲੇਬਸ ਪੂਰਾ ਕਰਾਉਣ ਦੀ ਕਿਤੇ ਪੇਪਰ ਚੈੱਕ ਕਰਨ ਦੀ ਤੇ ਕਿਤੇ ਜਨ ਗਣਨਾ ਦੀ ਡਿਊਟੀ ਦੀ। ਇਸ ਦੇ ਵਿੱਚ ਵਿਚਾਲੇ ਮਿਡੇ ਮੀਲ ਸਕੂਲ ਵਿੱਚ ਹੋਰ ਕਈ ਤਰ੍ਹਾਂ ਦੇ ਪ੍ਰੋਗਰਾਮ ਕਿਸੇ ਤਰ੍ਹਾਂ ਦਾ ਕੋਈ ਟੀਕਾ ਜੋ ਲੜਕੀਆਂ ਦੇ ਲੱਗਣਾ ਹੈ ਉਸ ਬਾਰੇ ਜਾਣਕਾਰੀ ਦੇਣਾ ਇਹ ਸਭ ਅਧਿਆਪਕਾਂ ਦੇ ਕੰਮ ਹਨ। ਅਧਿਆਪਕ ਵਿਚਾਰੇ ਭਮਤਰੇ ਫਿਰਦੇ ਹਨ। ਅਧਿਆਪਕ ਨੇ ਇਹ ਸਾਰੇ ਕੰਮ ਕਰ ਵੀ ਲੈਣੇ ਹਨ। ਇਹ ਅਧਿਆਪਕ ਦੀ ਹੀ ਕਾਬਲੀਅਤ ਹੈ ਕਿ ਜੋ ਵੀ ਕੰਮ ਉਸ ਦੇ ਜ਼ਿੰਮੇ ਲਾ ਦਿੱਤਾ ਜਾਂਦਾ ਹੈ ਉਸ ਨੂੰ ਪੂਰੀ ਨਿਸ਼ਠਾ ਤੇ ਇਮਾਨਦਾਰੀ ਨਾਲ ਪੂਰਾ ਕਰਦਾ ਹੈ। ਪਰ ਅਧਿਆਪਕ ਤੇ ਇਨਾ ਜਿਆਦਾ ਬੋਝ ਕੀ ਉਚਿਤ ਹੈ? ਬਹੁਤ ਅਧਿਆਪਕਾਂ ਦੇ ਬੱਚਿਆਂ ਨੇ ਇਸ ਸਾਲ ਬਾਰਵੀਂ ਜਮਾਤ ਪਾਸ ਕੀਤੀ ਹੋਵੇਗੀ। ਉਹਨਾਂ ਨੇ ਕਈ ਪ੍ਰੀਖਿਆਵਾਂ ਦੇਣੀਆਂ ਹਨ। ਇਹਨਾਂ ਪ੍ਰੀਖਿਆ ਦੀ ਤਿਆਰੀ ਲਈ ਵਿਦਿਆਰਥੀ ਨੂੰ ਮਾਤਾ ਪਿਤਾ ਦਾ ਸਾਥ ਚਾਹੀਦਾ ਹੈ। ਅਧਿਆਪਕ ਦੀ ਜਿੰਮੇਵਾਰੀ ਜਿੱਥੇ ਆਪਣੇ ਸਕੂਲ ਵਿੱਚ ਪੜ੍ਹਦੇ ਬੱਚਿਆਂ ਦੀ ਹੈ ਉੱਥੇ ਆਪਣੇ ਘਰ ਵਿੱਚ ਆਪਣੇ ਬੱਚਿਆਂ ਪ੍ਰਤੀ ਵੀ ਉਸਦੀ ਜਿੰਮੇਵਾਰੀ ਹੈ। ਕਿਸੇ ਦੇ ਮਾਤਾ ਪਿਤਾ ਬਿਮਾਰ ਹਨ। ਕਿਸੇ ਨੇ ਆਪਣੇ ਜੀਵਨ ਸਾਥੀ ਦਾ ਕੋਈ ਇਲਾਜ ਕਰਵਾਉਣਾ ਹੈ। ਕੋਈ ਵਿਚਾਰਾ ਖੁਦ ਹੀ ਬਿਮਾਰੀ ਦੀ ਮਾਰ ਹੇਠ ਹੈ। ਸਮੱਸਿਆ ਇਹ ਨਹੀਂ ਕਿ ਅਧਿਆਪਕ ਇਹ ਕੰਮ ਕਰੇਗਾ ਨਹੀਂ ਸਮੱਸਿਆ ਇਹ ਹੈ ਕਿ ਅਧਿਆਪਕ ਦੀ ਕੋਈ ਆਰਾਮ ਨਾਲ ਗੱਲ ਵੀ ਨਹੀਂ ਸੁਣਦਾ। ਕਹਿੰਦੇ ਨੇ ਜੇ ਆਰਾਮ ਨਾਲ ਗੱਲ ਸੁਣ ਲਈ ਜਾਵੇ ਤਾਂ ਅੱਧਾ ਦੁੱਖ ਦੂਰ ਹੋ ਜਾਂਦਾ ਹੈ। ਇੱਕ ਹੋਰ ਤਲਵਾਰ ਜੋ ਸਿਰ ਤੇ ਲਟਕ ਰਹੀ ਹੈ ਉਹ ਟੈਟ ਦੀ ਹੈ। ਬਹੁਤਿਆਂ ਨੇ ਟਰੱਕ ਪਾਸ ਕਰ ਲਿਆ ਹੈ ਪਰ ਬਥੇਰੇ ਅਜੇ ਰਹਿੰਦੇ ਵੀ ਹਨ। ਮਾਨਸਿਕ ਤੌਰ ਤੇ ਇੰਨੀਆਂ ਪਰੇਸ਼ਾਨੀਆਂ ਵਿੱਚ ਕਿਰਿਆ ਅਧਿਆਪਕ ਕੀ ਕਰੇ। ਇਹ ਸਭ ਲਿਖਣ ਦਾ ਮਕਸਦ ਇਹ ਨਹੀਂ ਕਿ ਅਧਿਆਪਕ ਇਹ ਕੰਮ ਕਰਨਗੇ ਨਹੀਂ, ਇਹ ਉਹਨਾਂ ਲੋਕਾਂ ਨੂੰ ਜਾਣਕਾਰੀ ਦੇਣ ਲਈ ਹੈ ਜੋ ਇਹ ਕਹਿੰਦੇ ਹਨ ਕਿ ਅਧਿਆਪਕ ਕੁਝ ਨਹੀਂ ਕਰਦੇ, ਜਿਨ੍ਹਾਂ ਨੂੰ ਅਧਿਆਪਕਾਂ ਦੀ ਤਨਖਾਹ ਵਾਧੂ ਲੱਗਦੀ ਹੈ, ਜਿਨਾਂ ਨੂੰ ਲੱਗਦਾ ਹੈ ਕਿ ਅਧਿਆਪਕ ਵਿਹਲੀਆਂ ਖਾਂਦੇ ਹਨ।

# ਸ੍ਰੀ ਗੁਰੂ ਅੰਗਦ ਦੇਵ ਜੀ ਦੇ ਪ੍ਰਕਾਸ਼ ਗੁਰਪੁਰਬ ਸਬੰਧੀ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਪਾਏ ਭੋਗ



**ਐਡਵੋਕੇਟ ਧਾਮੀ ਨੇ ਸੰਗਤਾਂ ਨੂੰ ਦੂਜੇ ਪਾਤਸ਼ਾਹ ਜੀ ਦੇ ਪ੍ਰਕਾਸ਼ ਗੁਰਪੁਰਬ ਦੀ ਦਿੱਤੀ ਵਧਾਈ।**

ਅੰਮ੍ਰਿਤਸਰ, 18 ਅਪ੍ਰੈਲ-ਦੂਸਰੇ ਪਾਤਸ਼ਾਹ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਪ੍ਰਕਾਸ਼ ਗੁਰਪੁਰਬ ਸਬੰਧੀ ਅੱਜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਭੋਗ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਕੁਲਵਿੰਦਰ ਸਿੰਘ ਦੇ ਰਾਗੀ ਜਥੇ ਨੇ ਗੁਰਬਾਣੀ ਕੀਤਾ ਅਤੇ ਅਰਦਾਸ ਭਾਈ ਸਰਵਣ ਸਿੰਘ ਵੱਲੋਂ ਕੀਤੀ ਗਈ। ਸੰਗਤਾਂ ਨੂੰ ਪਾਵਨ ਹੁਕਮਨਾਮਾ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਬਲਵਿੰਦਰ ਸਿੰਘ ਸਰਵਣ ਕਰਵਾਇਆ। ਇਸ ਮੌਕੇ ਸਿੰਘ ਸਾਹਿਬ ਗਿਆਨੀ ਬਲਵਿੰਦਰ ਸਿੰਘ ਨੇ ਕਥਾ-ਵਿਚਾਰਾਂ ਕਰਦਿਆਂ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਜੀਵਨ ਇਤਿਹਾਸ ਤੋਂ ਸੰਗਤ ਨੂੰ ਜਾਣੂ ਕਰਵਾਇਆ ਅਤੇ ਗੁਰਮਤਿ ਅਨੁਸਾਰੀ ਜੀਵਨ ਬਤੀਤ ਕਰਨ ਦੀ ਪ੍ਰੇਰਣਾ ਕੀਤੀ। ਇਸੇ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੂਜੇ ਪਾਤਸ਼ਾਹ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਪ੍ਰਕਾਸ਼ ਗੁਰਪੁਰਬ ਦੀ ਸੰਗਤਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਗੁਰੂ ਸਾਹਿਬ ਦਾ ਜੀਵਨ ਗੁਰੂ ਭਰੋਸੇ ਅਤੇ ਸਮਰਪਣ ਦੀ ਪ੍ਰੇਰਣਾ ਦਿੰਦਾ ਹੈ। ਉਨ੍ਹਾਂ ਕਿਹਾ ਕਿ ਸ੍ਰੀ ਅੰਗਦ ਦੇਵ ਜੀ ਨੇ ਗੁਰਮੁਖੀ ਲਿਪੀ ਨੂੰ ਪ੍ਰਚੱਲਤ ਕੀਤਾ। ਗੁਰੂ ਸਾਹਿਬ ਨੇ ਮਨੁੱਖਤਾ ਨੂੰ ਬਰਾਬਰੀ ਅਤੇ ਭਾਈਚਾਰਕ ਏਕਤਾ ਦਾ ਸੰਦੇਸ਼ ਦਿੰਦਿਆਂ ਕਰਤਾ ਪੁਰਖ ਨਾਲ ਜੁੜਨ ਦਾ ਮਾਰਗ ਦਰਸਾਇਆ। ਐਡਵੋਕੇਟ ਧਾਮੀ ਨੇ ਸੰਗਤ ਨੂੰ ਗੁਰੂ ਸਾਹਿਬ ਦੇ ਜੀਵਨ ਤੋਂ ਸੇਧ ਕੇ ਬਾਣੀ ਬਾਣੇ ਦੀ ਧਾਰਨੀ ਹੋਣ ਲਈ ਪ੍ਰੇਰਿਆ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਸੁਪ੍ਰਿੰਟੈਂਡੈਂਟ ਸ. ਨਿਸ਼ਾਨ ਸਿੰਘ, ਮੈਨੇਜਰ ਸ. ਨਰਿੰਦਰ ਸਿੰਘ, ਵਧੀਕ ਮੈਨੇਜਰ ਸ. ਇਕਬਾਲ ਸਿੰਘ ਮੁਖੀ, ਸ. ਬਿਕਰਮਜੀਤ ਸਿੰਘ ਝੰਗੀ, ਸ. ਗੁਰਵਿੰਦਰ ਸਿੰਘ ਦੇਵੀਦਾਸਪੁਰ, ਸ. ਜਸਬੀਰ ਸਿੰਘ, ਸ. ਯੁਵਰਾਜ ਸਿੰਘ, ਮੀਤ ਮੈਨੇਜਰ ਸ. ਅਜੇ ਸਿੰਘ ਸਮੇਤ ਸੰਗਤਾਂ ਮੌਜੂਦ ਸਨ।

# ਕਾਂਗਰਸ ਪਾਰਟੀ ਦਾ ਗਰਾਫ ਦਿਨੋ ਦਿਨ ਵੱਧਦਾ ਜਾ ਰਿਹਾ ਹੈ-ਕਰਨ ਬੁਰਜ



**ਪਿੰਡ ਛੀਨਾ ਬਿਧੀ ਚੰਦ ਵਿਖੇ ਕੀਤੀ ਕਾਂਗਰਸੀ ਵਰਕਰਾਂ ਨਾਲ ਮੀਟਿੰਗ।**

ਗੁਰਪ੍ਰੀਤ ਸਿੰਘ ਕੱਦ ਗਿੱਲ
ਤਰਨ ਤਾਰਨ 18 ਅਪ੍ਰੈਲ

ਵਿਧਾਨ ਸਭਾ ਚੋਣਾਂ ਵਿੱਚ ਪੰਜਾਬ ਦੇ ਲੋਕ ਜੁਮਲੇਬਾਜੀ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਦਾ ਬਿਸਤਰਾ ਗੋਲ ਕਰ ਦੇਣਗੇ। ਅਕਾਲੀ ਦਲ ਅਤੇ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਪੰਜਾਬ ਨੂੰ ਨਸ਼ਿਆਂ ਵਿੱਚ ਇਸ ਤਰ੍ਹਾਂ ਰੋਡ ਦਿੱਤਾ ਹੈ ਕਿ ਆਏ ਦਿਨ ਨੌਜਵਾਨ ਨਸ਼ਿਆਂ ਦਾ ਡੰਗ ਝੇਲ ਰਹੇ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸ਼ਨੀਵਾਰ ਨੂੰ ਤਰਨ ਤਾਰਨ ਦੇ ਪਿੰਡ ਛੀਨਾ ਬਿਧੀ ਚੰਦ ਵਿਖੇ ਸਤਨਾਮ ਸਿੰਘ ਦੇ ਗ੍ਰਹਿ ਵਿਖੇ ਕਾਂਗਰਸ ਪਾਰਟੀ ਦੀ ਮੀਟਿੰਗ ਉਪਰੰਤ ਕਾਂਗਰਸ ਦੇ ਹਲਕਾ ਇੰਚਾਰਜ ਕਰਨ ਬੁਰਜਬੀਰ ਸਿੰਘ ਬੁਰਜ ਮੀਡੀਆ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਦਾ ਗਰਾਫ ਦਿਨੋ ਦਿਨ ਵੱਧਦਾ ਜਾ ਰਿਹਾ ਹੈ। ਲੋਕ ਆਮ ਆਦਮੀ ਪਾਰਟੀ ਦੀਆਂ ਜਨ ਵਿਰੋਧੀ ਨੀਤੀਆਂ ਤੋਂ ਤੰਗ ਆ ਕੇ ਕਾਂਗਰਸ ਵਿੱਚ ਸ਼ਾਮਿਲ ਹੋ ਰਹੇ ਹਨ। ਲੋਕ ਜਾਣਦੇ ਹਨ ਕਿ ਕਾਂਗਰਸ ਨੇ ਹਮੇਸ਼ਾ ਲੋਕ ਪੱਖੀ ਨੀਤੀਆਂ ਨੂੰ ਹੀ ਲਾਗੂ ਕੀਤਾ ਹੈ। ਉਨ੍ਹਾਂ ਕਿਹਾ ਕਿ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਪੰਜਾਬ ਦੇ ਲੋਕ ਜੁਮਲੇਬਾਜੀ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਦਾ ਬਿਸਤਰਾ ਗੋਲ ਕਰ ਦੇਣਗੇ। ਅਕਾਲੀ ਦਲ ਅਤੇ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਪੰਜਾਬ ਨੂੰ ਨਸ਼ਿਆਂ ਵਿੱਚ ਇਸ ਤਰ੍ਹਾਂ ਰੋਲ ਦਿੱਤਾ ਹੈ ਕਿ ਆਏ ਦਿਨ ਨੌਜਵਾਨ ਨਸ਼ਿਆਂ ਦਾ ਡੰਗ ਝੇਲ ਰਹੇ ਹਨ। ਕਾਂਗਰਸ ਸਰਕਾਰ ਨਸ਼ੇ ਦੇ ਇਸ ਜਾਲ ਨੂੰ ਖਤਮ ਕਰੇਗੀ ਆਮ ਆਦਮੀ ਪਾਰਟੀ ਸਰਕਾਰ ਜੋ ਕਿ ਭਰਿਸ਼ਟਾਚਾਰੀ ਨੂੰ ਖਤਮ ਕਰਨ ਦੇ ਦਾਅਵੇ ਕਰਦੀ ਸੀ ਉਸੇ ਪਾਰਟੀ ਦੇ ਕਈ ਮੰਤਰੀ ਅਤੇ ਹੋਰ ਨੇਤਾ ਰਿਸ਼ਵਤਖੋਰੀ ਦੇ ਮਾਮਲਿਆਂ ਵਿੱਚ ਨਾਮਜਦ ਹਨ ਲੋਕ ਸਰਕਾਰ ਦੀਆਂ ਦੋਗਲੀਆਂ ਨੀਤੀਆਂ ਤੋਂ ਜਾਣੂ ਹੋ ਗਏ ਹਨ। ਉਨ੍ਹਾਂ ਨੇ ਕਿਹਾ ਕਿ ਕਾਂਗਰਸ ਸਰਕਾਰ ਬਣਨ ਤੇ ਨਸ਼ਾ ਖਤਮ ਕੀਤਾ ਜਾਵੇਗਾ,ਅਤੇ ਨੌਜਵਾਨਾਂ ਦੇ ਲਈ ਸਿੱਖਿਆ ਅਤੇ ਰੁਜ਼ਗਾਰ ਦਾ ਪ੍ਰਬੰਧ ਕੀਤਾ ਜਾਵੇਗਾ। ਕਿਸਾਨਾਂ ਨੂੰ ਵੀ ਉਨ੍ਹਾਂ ਦੇ ਫਸਲਾਂ ਦੇ ਉਚਿਤ ਭਾਅ ਮਿਲਣਗੇ। ਇਸ ਮੌਕੇ ਸਰਪੰਚ ਗੁਰਿੰਦਰ ਸਿੰਘ ਬੀਟਾ, ਸਰਪੰਚ ਗੁਰਚਰਨ ਸਿੰਘ ਸਾਬਕਾ ਸਰਪੰਚ ਸੁੱਚਾ ਸਿੰਘ, ਪਰਮਜੀਤ ਸਿੰਘ ਫੌਜੀ, ਹਰਜੀਤ ਸਿੰਘ ਝਬਾਲ, ਮਲਕੀਤ ਸਿੰਘ ਗੈਰੀ, ਮਹਿੰਦਰ ਸਿੰਘ, ਬਲਵਿੰਦਰ ਸਿੰਘ, ਚੇਅਰਮੈਨ ਨਰਿੰਦਰ ਸਿੰਘ, ਮੈਂਬਰ ਹਰਜਿੰਦਰ ਸਿੰਘ, ਕੁਲਵਿੰਦਰ ਸਿੰਘ ਕਾਲਾ, ਸ਼ਿੰਗਾਰਾ ਸਿੰਘ, ਬਲਦੇਵ ਸਿੰਘ, ਗੁਰਦਾਸ ਸਿੰਘ, ਮੈਂਬਰ ਕਾਲਾ ਸਿੰਘ, ਸੁਰਜੀਤ ਸਿੰਘ, ਅਮਰੀਕ ਸਿੰਘ, ਰੇਸ਼ਮ ਸਿੰਘ, ਗੁਰਮੀਤ ਸਿੰਘ, ਗੁਰਪਾਲ ਸਿੰਘ, ਗੁਰਚਰਨ ਸਿੰਘ, ਮੰਗਤ ਸਿੰਘ, ਆੜ੍ਹਤੀਆ ਇੰਦਰਜੀਤ ਸਿੰਘ ਆਦਿ ਮੌਜੂਦ ਸਨ।

# ਖੂਨਦਾਨ – ਮਨੁੱਖਤਾ ਦੀ ਸਭ ਤੋਂ ਵੱਡੀ ਸੇਵਾ: ਮਨਦੀਪ ਸਿੰਘ ਰਾਜਨ



**ਤਰਨ ਤਾਰਨ ਦੇ ਸਿਵਲ ਹਸਪਤਾਲ ਵਿਖੇ ਬਲੱਡ ਬੈਂਕ 'ਚ ਖੂਨਦਾਨ ਕਰਦੇ ਹੋਏ ਆਲ ਇੰਡੀਆ ਦਸ਼ਮੇਸ਼ ਫੌਜ਼ ਦੇ ਸੂਬਾ ਪ੍ਰਧਾਨ ਮਨਦੀਪ ਸਿੰਘ ਰਾਜਨ।**

ਗੁਰਪ੍ਰੀਤ ਸਿੰਘ ਕੱਦ ਗਿੱਲ
ਤਰਨਤਾਰਨ, 18 ਅਪ੍ਰੈਲ

ਮਨੁੱਖਤਾ ਦੀ ਭਲਾਈ ਲਈ ਖੂਨਦਾਨ ਨੂੰ ਸਭ ਤੋਂ ਉੱਚੀ ਸੇਵਾ ਮੰਨਿਆ ਜਾਂਦਾ ਹੈ। "ਖੂਨਦਾਨ – ਮਹਾਦਾਨ" ਦੇ ਪਵਿੱਤਰ ਸੁਨੇਹੇ ਨੂੰ ਅਮਲ ਵਿੱਚ ਲਿਆਉਂਦੇ ਹੋਏ ਆਲ ਇੰਡੀਆ ਦਸਮੇਸ਼ ਫੌਜ ਰੰਘਰੇਟਾ ਦਲ ਦੇ ਸੂਬਾ ਪ੍ਰਧਾਨ ਮਨਦੀਪ ਸਿੰਘ ਰਾਜਨ ਨੇ ਆਪਣੇ ਜਨਮਦਿਨ ਮੌਕੇ ਤਰਨਤਾਰਨ ਦੇ ਸਿਵਲ ਹਸਪਤਾਲ 'ਚ ਸਥਿਤ ਬਲੱਡ ਬੈਂਕ ਵਿਖੇ ਖੂਨਦਾਨ ਕਰਕੇ ਸਮਾਜ ਲਈ ਇਕ ਮਿਸਾਲ ਕਾਇਮ ਕੀਤੀ।

ਇਸ ਮੌਕੇ ਉਨ੍ਹਾਂ ਦੇ ਇਸ ਉਪਰਾਲੇ ਨੂੰ ਨੌਜਵਾਨ ਵਰਗ ਵੱਲੋਂ ਵੱਡੀ ਪ੍ਰੇਰਣਾ ਵਜੋਂ ਸਵਾਗਤ ਕੀਤਾ ਗਿਆ। ਸਥਾਨਕ ਸਿਵਲ ਹਸਪਤਾਲ ਦੀ ਡਾਕਟਰੀ ਟੀਮ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਕੱਠਾ ਕੀਤਾ ਗਿਆ ਖੂਨ ਜ਼ਰੂਰਤਮੰਦ ਮਰੀਜ਼ਾਂ ਦੀ ਜ਼ਿੰਦਗੀ ਬਚਾਉਣ ਲਈ ਵਰਤਿਆ ਜਾਵੇਗਾ, ਜੋ ਕਿ ਇਕ ਮਹੱਤਵਪੂਰਨ ਮਨੁੱਖੀ ਸੇਵਾ ਹੈ।

ਮਨਦੀਪ ਸਿੰਘ ਰਾਜਨ ਨੇ ਗੱਲਬਾਤ ਦੌਰਾਨ ਕਿਹਾ ਕਿ ਉਹ ਆਪਣੇ ਜਨਮਦਿਨ ਨੂੰ ਸਿਰਫ਼ ਮਨਾਉਣ ਦੀ ਬਜਾਏ ਸਮਾਜ ਸੇਵਾ ਨਾਲ ਜੋੜਨਾ ਜ਼ਿਆਦਾ ਮਹੱਤਵਪੂਰਨ ਸਮਝਦੇ ਹਨ। ਉਨ੍ਹਾਂ ਕਿਹਾ ਕਿ ਖੂਨਦਾਨ ਨਾਲ ਨਾ ਸਿਰਫ਼ ਕਿਸੇ ਦੀ ਜ਼ਿੰਦਗੀ ਬਚਾਈ ਜਾ ਸਕਦੀ ਹੈ, ਸਗੋਂ ਇਹ ਦਾਨੀ ਦੀ ਸਿਹਤ ਲਈ ਵੀ ਲਾਭਕਾਰੀ ਸਾਬਤ ਹੁੰਦਾ ਹੈ। ਉਨ੍ਹਾਂ ਨੇ ਸਭ ਤੰਦਰੁਸਤ ਨਾਗਰਿਕਾਂ ਨੂੰ ਅਪੀਲ ਕੀਤੀ ਕਿ ਉਹ ਘੱਟੋ-ਘੱਟ ਸਾਲ ਵਿੱਚ ਇੱਕ ਵਾਰ ਖੂਨਦਾਨ ਕਰਕੇ ਇਸ ਨੇਕ ਕਾਰਜ ਵਿੱਚ ਆਪਣਾ ਯੋਗਦਾਨ ਪਾਉਣ।

ਉਨ੍ਹਾਂ ਨੇ ਹੋਰ ਲੋਕਾਂ ਨੂੰ ਵੀ ਪ੍ਰੇਰਿਤ ਕਰਦਿਆਂ ਕਿਹਾ ਕਿ ਖੂਨਦਾਨ ਵਰਗੇ ਉਪਰਾਲੇ ਸਮਾਜ ਵਿੱਚ ਸਹਿਯੋਗ ਅਤੇ ਮਨੁੱਖਤਾ ਦੀ ਭਾਵਨਾ ਨੂੰ ਮਜ਼ਬੂਤ ਕਰਦੇ ਹਨ। ਰਾਜਨ ਨੇ ਦੱਸਿਆ ਕਿ ਉਨ੍ਹਾਂ ਨੂੰ ਇਸ ਗੱਲ ਦੀ ਬੇਹੱਦ ਖੁਸ਼ੀ ਅਤੇ ਸੰਤੋਖ ਹੈ ਕਿ ਉਹ ਕਿਸੇ ਅਣਜਾਣ ਵਿਅਕਤੀ ਦੀ ਜ਼ਿੰਦਗੀ ਬਚਾਉਣ ਵਿੱਚ ਹਿੱਸਾ ਪਾ ਰਹੇ ਹਨ।

ਖੂਨਦਾਨ ਸਿਰਫ਼ ਇੱਕ ਦਾਨ ਨਹੀਂ, ਸਗੋਂ ਮਨੁੱਖਤਾ ਦੀ ਸੇਵਾ ਦਾ ਸਭ ਤੋਂ ਉੱਚਾ ਰੂਪ ਹੈ। ਅਜਿਹੇ ਪ੍ਰੇਰਣਾਦਾਇਕ ਕਦਮਾਂ ਨਾਲ ਸਮਾਜ ਵਿੱਚ ਜਾਗਰੂਕਤਾ ਵਧਦੀ ਹੈ ਅਤੇ ਅਨੇਕਾਂ ਕੀਮਤੀ ਜ਼ਿੰਦਗੀਆਂ ਬਚਾਈਆਂ ਜਾ ਸਕਦੀਆਂ ਹਨ।ਅੰਤ ਵਿੱਚ ਮਨਦੀਪ ਸਿੰਘ ਰਾਜਨ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ ਅਤੇ ਉਨ੍ਹਾਂ ਦੇ ਇਸ ਸਰਾਹਣਯੋਗ ਉਪਰਾਲੇ ਦੀ ਭਰਪੂਰ ਪ੍ਰਸ਼ੰਸਾ ਕੀਤੀ ਗਈ।

# ਫੂਡ ਸੇਫਟੀ ਟੀਮ ਵੱਲੋਂ ਡੇਅਰੀਆਂ ਅਤੇ ਫੂਡ ਆਉਟਲੈਟਾਂ ਦਾ ਅਚਨਚੇਤ ਨਿਰੀਖਣ



**ਦੁੱਧ, ਘਿਓ ਅਤੇ ਪਨੀਰ ਦੇ 8 ਨਮੂਨੇ ਇਕੱਤਰ ਕੀਤੇ।**

ਗੁਰਪ੍ਰੀਤ ਸਿੰਘ ਕੱਦ ਗਿੱਲ, ਤਰਨ ਤਾਰਨ, 17 ਅਪ੍ਰੈਲ , ਸਿਹਤ ਮੰਤਰੀ ਡਾ. ਬਲਬੀਰ ਸਿੰਘ ਅਤੇ ਕਮਿਸ਼ਨਰ ਫੂਡ ਐਂਡ ਡਰੱਗ ਐਡਮਿਨਿਸਟ੍ਰੇਸ਼ਨ ਕੰਵਲ ਪ੍ਰੀਤ ਬਰਾੜ ਦੇ ਨਿਰਦੇਸ਼ਾਂ ਅਤੇ ਡਿਪਟੀ ਕਮਿਸ਼ਨਰ ਸ੍ਰੀ ਰਾਹੁਲ ਅਤੇ ਸਿਵਲ ਸਰਜਨ ਡਾ. ਗੁਰਪ੍ਰੀਤ ਸਿੰਘ ਰਾਏ ਦੀ ਰਹਿਨੁਮਾਈ ਹੇਠ ਜ਼ਿਲ੍ਹਾ ਸਿਹਤ ਅਫ਼ਸਰ ਡਾ. ਸੁਖਬੀਰ ਕੌਰ ਦੀ ਅਗਵਾਈ ਵਿਚ ਫੂਡ ਸੇਫਟੀ ਟੀਮ ਤਰਨ ਤਾਰਨ ਨੇ ਚੱਲ ਰਹੇ ਫੂਡ ਸੇਫਟੀ ਪੰਦਰਵਾੜੇ ਤਹਿਤ ਲਗਾਤਾਰ ਗਤੀਵਿਧੀਆਂ ਕਰਵਾਈਆਂ ਜਾ ਰਹੀਆਂ ਹਨ। ਇਸੇ ਤਹਿਤ ਪਿਛਲੇ ਤਿੰਨ ਦਿਨਾਂ ਵਿਚ ਫੂਡ ਸੇਫਟੀ ਟੀਮ ਤਰਨ ਤਾਰਨ ਨੇ ਤਰਨ ਤਾਰਨ ਸ਼ਹਿਰ, ਗੱਗੋਬੂਹਾ ਅਤੇ ਝਬਾਲ ਖੇਤਰ ਵਿਚ ਡੇਅਰੀਆਂ ਅਤੇ ਵੱਖ-ਵੱਖ ਫੂਡ ਆਉਟਲੈਟਾਂ ਦਾ ਅਚਨਚੇਤ ਨਿਰੀਖਣ ਕੀਤਾ ਅਤੇ ਦੁੱਧ, ਘਿਓ ਅਤੇ ਪਨੀਰ ਦੇ 8 ਨਮੂਨੇ ਇਕੱਤਰ ਕੀਤੇ, ਜੋ ਖਰੜ ਲੈਬ ਵਿਚ ਭੇਜੇ ਗਏ ਹਨ।ਇਸ ਦੌਰਾਨ ਸਾਰੇ ਐਫ.ਬੀ.ਓਜ਼ ਨੂੰ ਸਫ਼ਾਈ ਬਣਾਈ ਰੱਖਣ, ਮਿਲਾਵਟ ਤੋਂ ਬਚਣ, ਤੇਲ ਦੀ ਰੀਫ੍ਰਾਈਂਗ ਨਾ ਕਰਨ, ਪਕਾਏ ਹੋਏ ਭੋਜਨ ਦਾ ਸਹੀ ਤਾਪਮਾਨ ਬਣਾਈ ਰੱਖਣ, ਖਾਣ-ਪੀਣ ਦੀਆਂ ਚੀਜ਼ਾਂ ਨੂੰ ਢੱਕ ਕੇ ਰੱਖਣ ਦੇ ਨਿਰਦੇਸ਼ ਦਿੱਤੇ ਗਏ।

ਇਸੇ ਦੌਰਾਨ ਟੀਮ ਨੇ ਪੱਟੀ, ਭੋਜੀਆਂ ਗੱਗੋਬੂਹਾ, ਭੁੱਚਰ ਖੁਰਦ ਅਤੇ ਝਬਾਲ ਵਿਚ ਜਾਗਰੂਕਤਾ, ਸਿਖਲਾਈ ਅਤੇ ਟੈਸਟਿੰਗ ਜਾਰੀ ਰੱਖੀ ਅਤੇ ਜਾਗਰੂਕਤਾ ਅਤੇ ਸਿਖਲਾਈ ਲਈ ਸਕੂਲਾਂ ਦਾ ਦੌਰਾ ਕੀਤਾ। ਇਸ ਮੌਕੇ ਸਾਰੇ ਐਫ.ਬੀ.ਓਜ਼ ਨੂੰ ਆਪਣੀ ਰਜਿਸਟ੍ਰੇਸ਼ਨ/ ਲਾਇਸੰਸ ਬਣਾਈ ਰੱਖਣ ਦੇ ਨਿਰਦੇਸ਼ ਦਿੱਤੇ ਗਏ।

Cee7News ਵਿੱਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ
9463661542, cee7news@gmail.com

